PANJAB TIMES
# ਪੰਜਾਬ ਟਾਈਮਜ਼
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

27th December 2025 • Issue No. 3111 Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com




## ਲਾਪਤਾ ਸਰੂਪਾਂ ਦੀ ਜਾਂਚ: ਐੱਸ ਜੀ ਪੀ ਸੀ ਅਤੇ ਪੰਜਾਬ ਸਰਕਾਰ ਮੁੜ ਆਹਮੋ ਸਾਹਮਣੇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ





(ਐੱਸ.ਜੀ.ਪੀ.ਸੀ.) ਦੇ 16 ਮੁਲਾਜ਼ਮਾਂ ਖ਼ਿਲਾਫ਼ ਦਰਜ ਐੱਫ ਆਈ ਆਰ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਗਠਨ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਅਤੇ ਆਪ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਚਾਲੇ ਮੁੜ ਟਕਰਾਅ ਦੀ ਸਥਿਤੀ ਬਣ ਗਈ ਹੈ। ਇਸ ਮੁੱਦੇ 'ਤੇ ਵਿਚਾਰ ਕਰਨ ਲਈ ਅਕਾਲ ਤਖ਼ਤ ਸਾਹਿਬ ਨੇ 28 ਦਸੰਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਵਿਸ਼ੇਸ਼ ਮੀਟਿੰਗ ਸੱਦੀ ਹੈ, ਜਿਸ ਦੀ ਪ੍ਰਧਾਨਗੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਕਰਨਗੇ। ਐੱਸ ਜੀ ਪੀ ਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਰਕਾਰ ਦੇ ਇਸ ਕਦਮ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਸਿੱਖਾਂ ਦੀ ਸਰਵਉੱਚ ਸੰਸਥਾ ਅਕਾਲ ਤਖ਼ਤ ਸਾਹਿਬ ਦੀ ਅਥਾਰਟੀ ਨੂੰ ਸਿੱਧੀ ਚੁਣੌਤੀ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਵੱਲੋਂ ਬਣਾਈ ਗਈ ਜਾਂਚ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਪਹਿਲਾਂ ਹੀ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਕਾਰਵਾਈ ਕਰ ਚੁੱਕੀ ਹੈ ਅਤੇ ਜਨਰਲ ਹਾਊਸ ਵਿੱਚ ਮਤਾ ਪਾਸ ਕਰਕੇ ਖ਼ਾਲਸਾ ਪੰਥ ਤੋਂ ਖ਼ਿਮਾ ਯਾਚਨਾ ਵੀ ਕਰ ਲਈ ਗਈ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਮਾਮਲਾ ਵਿੱਤੀ ਬਦ-ਪ੍ਰਬੰਧ ਦਾ ਹੈ, ਨਾ ਕਿ ਬੇਅਦਬੀ ਦਾ।

## ਗੋਆ ਨਾਈਟ ਕਲੱਬ ਮਾਮਲਾ: ਲੂਥਰਾ ਭਰਾਵਾਂ ਦੇ ਪੁਲੀਸ ਰਿਮਾਂਡ ’ਚ 29 ਦਸੰਬਰ ਤੱਕ ਵਾਧਾ

### 25 ਮੌਤਾਂ ਦੇ ਮਾਮਲੇ ’ਚ ਗ੍ਰਿਫ਼ਤਾਰ ਮਾਲਕਾਂ ਕੋਲੋਂ ਪੁੱਛਗਿੱਛ ਜਾਰੀ; ਹੁਣ ਤੱਕ 8 ਲੋਕ ਕਾਬੂ



ਗੋਆ ਦੀ ਅਦਾਲਤ ਨੇ ਸ਼ੁੱਕਰਵਾਰ ਨੂੰ ‘ਬਿਰਚ ਬਾਈ ਰੋਮੀਓ ਲੇਨ’ ਨਾਈਟ ਕਲੱਬ ਦੇ ਮਾਲਕਾਂ, ਸੌਰਭ ਅਤੇ ਗੌਰਵ ਲੂਥਰਾ ਦਾ ਪੁਲੀਸ ਰਿਮਾਂਡ 29 ਦਸੰਬਰ ਤੱਕ ਵਧਾ ਦਿੱਤਾ ਹੈ।

ਅੰਜੁਨਾ ਪੁਲੀਸ ਨੇ ਲੂਥਰਾ ਭਰਾਵਾਂ ਵਿਰੁੱਧ ਗੈਰ-ਇਰਾਦਤਨ ਕਤਲ ਸਮੇਤ ਕਈ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਪੂਰੇ ਮਾਮਲੇ ਵਿੱਚ ਹੁਣ ਤੱਕ ਕੁੱਲ ਅੱਠ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

ਇਸ ਦੇ ਨਾਲ ਹੀ ਪੁਲੀਸ ਨੇ ਇੱਕ ਹੋਰ ਮੁਲਜ਼ਮ, ਬ੍ਰਿਟਿਸ਼ ਨਾਗਰਿਕ ਸੁਰਿੰਦਰ ਕੁਮਾਰ ਖੋਸਲਾ, ਜੋ ਕਿ ਯੂਕੇ ਫ਼ਰਾਰ ਹੋ ਗਿਆ ਹੈ, ਦੇ ਖਿਲਾਫ਼ ‘ਬਲੂ ਕਾਰਨਰ ਨੋਟਿਸ’ ਜਾਰੀ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਹੈ। ਬਚਾਅ ਪੱਖ ਦੇ ਵਕੀਲ ਅਨੁਸਾਰ, ਜਦੋਂ ਕਲੱਬ ਵਿੱਚ ਅੱਗ ਲੱਗੀ ਸੀ, ਉਸ ਸਮੇਂ ਦੋਵੇਂ ਭਰਾ ਉੱਥੇ ਮੌਜੂਦ ਨਹੀਂ ਸਨ।

ਜ਼ਿਕਰਯੋਗ ਹੈ ਕਿ ਇਸ ਮਹੀਨੇ ਦੀ ਸ਼ੁਰੂਆਤ ਵਿੱਚ ਅਰਪੋਰਾ ਪਿੰਡ ਸਥਿਤ ਇਸ ਕਲੱਬ ਵਿੱਚ ਭਿਆਨਕ ਅੱਗ ਲੱਗਣ ਕਾਰਨ 25 ਲੋਕਾਂ ਦੀ ਜਾਨ ਚਲੀ ਗਈ ਸੀ। ਦੋਵੇਂ ਭਰਾ ਹਾਦਸੇ ਤੋਂ ਤੁਰੰਤ ਬਾਅਦ ਥਾਈਲੈਂਡ ਫ਼ਰਾਰ ਹੋ ਗਏ ਸਨ, ਜਿਨ੍ਹਾਂ ਨੂੰ 17 ਦਸੰਬਰ ਨੂੰ ਉੱਥੋਂ ਡਿਪੋਰਟ ਕਰਕੇ ਵਾਪਸ ਭਾਰਤ ਲਿਆਂਦਾ ਗਿਆ ਸੀ। ਮਪੂਸਾ ਅਦਾਲਤ ਵਿੱਚ ਪੇਸ਼ੀ ਦੌਰਾਨ ਉਨ੍ਹਾਂ ਦੇ ਵਕੀਲ ਨੇ ਦੱਸਿਆ ਕਿ ਲੂਥਰਾ ਭਰਾਵਾਂ ਨੇ ਜਾਂਚ ਵਿੱਚ ਸਹਿਯੋਗ ਦੇਣ ਲਈ ਰਿਮਾਂਡ ਦਾ ਵਿਰੋਧ ਨਹੀਂ ਕੀਤਾ।

## ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ ਉਤੇ ਰਹਿ ਰਹੇ 30 ਭਾਰਤੀ

ਨਿਊਯਾਰਕ: ਅਮਰੀਕੀ ਸਰਹੱਦੀ ਗਸ਼ਤ ਅਧਿਕਾਰੀਆਂ ਨੇ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ ’ਤੇ ਰਹਿ ਰਹੇ 30 ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਯੂਐਸ ਕਸਟਮਜ਼ ਅਤੇ ਸਰਹੱਦੀ ਸੁਰੱਖਿਆ (ਸੀਬੀਪੀ) ਨੇ ਪਿਛਲੇ ਹਫ਼ਤੇ ਇਕ ਬਿਆਨ ਵਿਚ ਦਸਿਆ ਸੀ ਕਿ ਕੈਲੀਫੋਰਨੀਆ ਦੇ ਐਲ ਸੈਂਟਰੋ ਸੈਕਟਰ ਵਿਚ ਸਰਹੱਦੀ ਗਸ਼ਤ ਦੇ ਕਈ ਏਜੰਟਾਂ ਨੇ ਇਮੀਗ੍ਰੇਸ਼ਨ ਚੌਕੀਆਂ ’ਤੇ ਵਾਹਨਾਂ ਨੂੰ ਰੋਕ ਕੇ ਅਤੇ ਅੰਤਰ-ਏਜੰਸੀ ਕਾਰਵਾਈਆਂ ਦੌਰਾਨ ਅਜਿਹੇ ਕਈ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਜਿਨ੍ਹਾਂ ਕੋਲ



ਵਪਾਰਕ ਵਾਹਨ ਚਲਾਉਣ ਦੇ ਡਰਾਈਵਿੰਗ ਲਾਇਸੈਂਸ ਸਨ। ਅਧਿਕਾਰੀਆਂ ਨੇ 23 ਨਵੰਬਰ ਤੋਂ 12 ਦਸੰਬਰ ਦੇ ਵਿਚਕਾਰ ਅੰਤਰਰਾਜੀ ਰੂਟਾਂ ’ਤੇ ਵਪਾਰਕ ਡਰਾਈਵਿੰਗ ਲਾਇਸੈਂਸਾਂ ਨਾਲ ਸੈਮੀ-ਟਰੱਕ ਚਲਾ ਰਹੇ 42 ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿਚੋਂ 30 ਭਾਰਤ ਤੋਂ, ਦੋ ਐਲ ਸੈਲਵਾਡੋਰ ਤੋਂ ਅਤੇ ਬਾਕੀ ਚੀਨ, ਏਰੀਟਰੀਆ, ਹੈਤੀ, ਹੋਂਡੂਰਾਸ, ਮੈਕਸੀਕੋ, ਰੂਸ, ਸੋਮਾਲੀਆ, ਤੁਰਕੀ ਅਤੇ ਯੂਕਰੇਨ ਤੋਂ ਸਨ। ਸੀਬੀਪੀ ਨੇ ਕਿਹਾ ਕਿ ਕੈਲੀਫੋਰਨੀਆ ਨੇ 31 ਵਪਾਰਕ ਡਰਾਈਵਿੰਗ ਲਾਇਸੈਂਸ ਜਾਰੀ ਕੀਤੇ ਸਨ।

## ਫਤਹਿਗੜ੍ਹ ਸਾਹਿਬ ਵਿੱਚ ਸ਼ਹੀਦੀ ਸਭਾ ਸ਼ੁਰੂ





ਇੱਥੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਨੂੰ ਸਮਰਪਿਤ ਸਾਲ-ਾਨਾ ਸ਼ਹੀਦੀ ਸਭਾ ਅੱਜ ਸ਼ੁਰੂ ਹੋ ਗਈ। ਇਸ ਮੌਕੇ ਵੱਡੀ ਗਿਣਤੀ ਸੰਗਤ ਸੂਬੇ, ਦੇਸ਼ ਤੇ ਵਿਦੇਸ਼ ਤੋਂ ਪੁੱਜੀ ਤੇ ਗੁਰਦੁਆਰਾ ਜੋਤੀ ਸਰੂਪ ਤੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਚ ਮੱਥਾ ਟੇਕਿਆ। ਦੂਜੇ ਪਾਸੇ ਸ਼ਰਧਾਲੂਆਂ ਦੀ ਆਮਦ ਨੂੰ ਮੁੱਖ ਰੱਖਦਿਆਂ ਪੁਲੀਸ ਅਤੇ ਪ੍ਰਸ਼ਾਸਨ ਨੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ। ਇਸ ਮੌਕੇ ਡਿਪਟੀ ਕਮਿਸ਼ਨਰ ਸੋਨਾ ਥਿੰਦ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਸ਼ਾਂਤੀ ਬਣਾਈ ਰੱਖ ਕੇ ਧਾਰਮਿਕ ਸਭਾ ਵਿਚ ਸ਼ਾਮਲ ਹੋਣ। ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਚ ਅੱਜ ਸ਼ਹੀਦੀ ਸਭਾ ਦੇ ਪਹਿਲੇ ਦਿਨ ਅਖੰਡ ਪਾਠ ਆਰੰਭ ਹੋਏ ਜਿਨ੍ਹਾਂ ਦੇ ਭੋਗ 27 ਦਸੰਬਰ ਨੂੰ ਪੈਣਗੇ। 26 ਦਸੰਬਰ ਦੀ ਰਾਤ ਨੂੰ 9 ਵਜੇ ਕਵੀ ਸਮਾਗਮ ਹੋਵੇਗਾ। 27 ਦਸੰਬਰ ਨੂੰ ਸਵੇਰੇ 9 ਵਜੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਨਗਰ ਕੀਰਤਨ ਆਰੰਭ ਹੋਵੇਗਾ, ਜੋ ਦੁਪਹਿਰ 12 ਵਜੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਪੁੱਜੇਗਾ, ਜਿੱਥੇ ਸੋਹਿਲਾ ਸਾਹਿਬ ਦੇ ਪਾਠ ਉਪਰੰਤ ਸਮਾਪਤੀ ਹੋਵੇਗੀ। ਟੋਡਰ ਮੱਲ ਦੀਵਾਨ ਹਾਲ ਵਿੱਚ 28 ਦਸੰਬਰ ਤੱਕ ਦਿਨ-ਰਾਤ ਧਾਰਮਿਕ ਦੀਵਾਨ ਸਜਣਗੇ। ਇਸ ਵਾਰ ਲੰਗਰਾਂ ਨੂੰ ਬਿਲਕੁਲ ਸਾਦਾ ਰੱਖਿਆ ਗਿਆ ਹੈ।


ਸਾਡੇ ਸਾਰੇ ਗਾਹਕਾਂ ਤੇ ਸ਼ੁੱਭ ਚਿੰਤਕਾਂ ਨੂੰ ਕ੍ਰਿਸਮਿਸ ਤੇ ਨਵੇਂ ਸਾਲ ਦੀਆਂ ਵਧਾਈਆਂ
Largest Glass Procesers, Merchants and Toughened Glass Manufacturer in Midlands
Happy New Year 2026
B.G.L
ਕ੍ਰਿਸਮਿਸ ਮੁਬਾਰਕ
ਦੋ ਦਹਾਕੇ ਤੋਂ ਵੱਡੀ ਪੱਧਰ 'ਤੇ ਹਰ ਤਰ੍ਹਾਂ ਦਾ ਸ਼ੀਸ਼ਾ ਬਣਾਉਣ ਦੀ ਵਿਸ਼ਾਲ ਫੈਕਟਰੀ
ਬੀ.ਜੀ.ਐਲ
ਡਬਲ ਗਲੇਜ਼ਿੰਗ ਵਾਲਿਆਂ ਤੇ
ਸ਼ਾਪਫਰੰਟਸ ਬਣਾਉਣ ਵਾਲਿਆਂ ਲਈ
ਟਫਨਡ ਗਲਾਸ, ਲੈਮੀਨੇਟ ਗਲਾਸ,
ਸੀ ਐਨ ਸੀ, ਫਾਇਰ ਗਲਾਸ,
ਸੌਫਟ ਕੋਟਡ ਗਲਾਸ
ਬਹੁਤ ਹੀ ਉੱਤਮ ਕੀਮਤਾਂ 'ਤੇ ਉਪਲਬੱਧ ਹੈ।
bg
We Offer
Glass Processing - Float Glass - Tempered Glass -
CNC - Laminate - Mirror Cut To Size
Safety Back Mirror 4mm, 6mm - Balustrade -
Fire Glass - Obs Range - Soft Coated Glass
Drill Holes - Polished - Operating From
60,000 Square Feet Factory
ਸਾਡਾ ਆਪਣਾ ਫਲੀਟ ਤੁਹਾਡੇ ਦਰਾਂ 'ਤੇ ਹਰ ਤਰ੍ਹਾਂ ਦਾ ਸ਼ੀਸ਼ਾ ਅਪੜਦਾ ਕਰੇਗਾ।
ਵਧੀਆ ਕੁਆਲਿਟੀ ਦਾ ਟਫਨਡ ਤੇ ਹਰ ਤਰ੍ਹਾਂ ਦਾ ਗਲਾਸ ਹਾਸਲ ਕਰਨ ਲਈ ਬੀ.ਜੀ.ਐਲ ਦੀਆਂ ਵਿਸ਼ੇਸ਼ ਕੀਮਤਾਂ ਦਾ ਫਾਇਦਾ ਉਠਾਓ
ਵਧੀਆ ਕੁਆਲਟੀ - ਵਾਜਬ ਕੀਮਤਾਂ
BSI Registered Firm
EN 12150
Bloomsbury Glass Ltd
Kelvin Way, West Bromwich
West Midlands, B70 7LH
Tel : 0121 725 3000
Fax : 0121 725 3001
E-mail : info@bloomsburyglass.co.uk
www.bloomsburyglass.co.uk

ਲੰਡਨ ਦੇ ਸਭ ਤੋਂ ਪੁਰਾਣੇ 'ਪੰਜਾਬ ਰੈਸਟੋਰੈਂਟ' ਵੱਲੋਂ
ਕ੍ਰਿਸਮਿਸ ਤੇ ਨਵੇਂ ਸਾਲ ਦੀ ਸਾਡੇ ਸਮੂਹ ਗਾਹਕਾਂ ਤੇ ਸ਼ੁੱਭ ਚਿੰਤਕਾਂ ਨੂੰ ਵਧਾਈ

ਵਧੀਆ ਅਤੇ ਸੁਆਦਿਸ਼ਟ ਖਾਣਿਆਂ ਲਈ ਪੰਜਾਬੀਆਂ ਦਾ ਸਭ ਤੋਂ ਮਸ਼ਹੂਰ ਰੈਸਟੋਰੈਂਟ





Punjab™
1946

Distinctive North Indian Cuisine

ਤੁਹਾਡੇ ਆਰਡਰ ਮੁਤਾਬਕ ਅਸੀਂ ਡੱਬਾ ਬੰਦ ਤਾਜ਼ਾ ਖਾਣਾ ਵੀ ਪਹੁੰਚਾਉਂਦੇ ਹਾਂ


ਤਿੰਨਾਂ ਪੁਸ਼ਤਾਂ ਤੋਂ ਚੱਲ ਰਿਹਾ, ਸਿੱਖਾਂ ਦਾ ਇੰਗਲੈਂਡ ਵਿੱਚ ਪਹਿਲਾ ਰੈਸਟੋਰੈਂਟ ਹੈ।

ਆਪ ਸੁਰੱਖਿਅਤ ਰਹੋ ਅਤੇ ਦੂਜਿਆਂ ਦੀ ਸੁਰੱਖਿਆ ਦਾ ਖਿਆਲ ਰੱਖੋ

Our award-winning menu combines traditional tandoori dishes with our Punjabi specialities to suit all tastes. The 'Acharri Gosht' made with pickled lamb has to be experienced at least once in a lifetime, the classic 'Kadu Pumpkin Sabhji' has a sumptuous mouth watering flavour and you can't miss Grandad's special 'Kali Daal'.




ਅਸੀਂ ਤੁਹਾਡੀ ਸੇਵਾ ਲਈ ਸੱਤੇ ਦਿਨ ਖੁੱਲ੍ਹੇ ਹਾਂ ਲੰਚ ਅਤੇ ਡਿਨਰ ਲਈ ਪਧਾਰੋ




Open 7 days for Lunch and Dinner
80 Neal Street Covent Garden WC2H 9PA
Tel 020 7836 9787 020 7240 9979 www.punjab.co.uk

Covent Garden

# ਕਰਿਸਮਸ ਤੋਂ ਪਹਿਲਾਂ ਕੀਅਰ ਸਟਾਰਮਰ ਦੀ ਸਿਆਸੀ ਹਾਲਤ ਡਗਮਗਾਈ

ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਲਈ ਕਰਿਸਮਸ ਤੋਂ ਪਹਿਲਾਂ ਦਾ ਸਮਾਂ ਸਿਆਸੀ ਤੌਰ 'ਤੇ ਕਾਫ਼ੀ ਚੁਣੌਤੀਪੂਰਨ ਬਣਦਾ ਜਾ ਰਿਹਾ ਹੈ। ਦੇਸ਼ ਭਰ ਵਿੱਚ ਲੋਕਾਂ ਦੇ ਵਿਚਾਰਾਂ ਅਤੇ ਪ੍ਰਤੀਕਿਰਿਆ ਤੋਂ ਇਹ ਸਪਸ਼ਟ ਹੋ ਰਿਹਾ ਹੈ ਕਿ ਸਰਕਾਰ ਦੀ ਕਾਰਗੁਜ਼ਾਰੀ ਨੂੰ ਲੈ ਕੇ ਅਸੰਤੋਸ਼ ਵਧ ਰਿਹਾ ਹੈ, ਜਿਸ ਨਾਲ ਰਾਜਧਾਨੀ ਵਿੱਚ ਉਨ੍ਹਾਂ ਦੀ ਸਿਆਸੀ ਪਕੜ 'ਤੇ ਸਵਾਲ ਖੜੇ ਹੋ ਗਏ ਹਨ। ਸੰਸਦ ਵਿੱਚ ਹਾਲ ਹੀ ਦੌਰਾਨ ਹੋਈ ਕਾਰਵਾਈ ਸਮੇਂ ਵਿਰੋਧੀ ਧਿਰ ਵੱਲੋਂ ਪ੍ਰਧਾਨ ਮੰਤਰੀ ਨੂੰ ਕਈ ਅਹੰਕਾਰਪੂਰਨ ਮੁੱਦਿਆਂ 'ਤੇ ਘੇਰਿਆ ਗਿਆ। ਮਹਿੰਗਾਈ ਦੇ ਲਗਾਤਾਰ ਵਧਦੇ ਬੋਝ, ਘਰੇਲੂ ਖਰਚਿਆਂ ਵਿੱਚ ਆਏ ਵਾਧੇ, ਸਿਹਤ ਸੇਵਾਵਾਂ ਦੀ ਡਗਮਗਾਈ ਹਾਲਤ ਅਤੇ ਪਰਦੇਸੀ ਆਵਾਜਾਈ ਸੰਬੰਧੀ ਨੀਤੀਆਂ ਨੂੰ ਲੈ ਕੇ ਸਰਕਾਰ ਦੀ ਦਿਸ਼ਾ 'ਤੇ ਤਿੱਖੇ ਸਵਾਲ ਕੀਤੇ ਗਏ।

ਖ਼ਬਰਾਂ ਦੇ ਪ੍ਰਸਾਰ ਮਾਧਿਅਮਾਂ ਵਿੱਚ ਹੋਈ ਇਕ ਚਰਚਾ ਦੌਰਾਨ ਪ੍ਰਧਾਨ ਮੰਤਰੀ ਤੋਂ ਇਹ ਤੱਕ ਪੁੱਛ ਲਿਆ ਗਿਆ ਕਿ ਕੀ ਉਹ ਰਾਜਧਾਨੀ ਦੇ ਪ੍ਰਧਾਨ ਮੰਤਰੀ ਨਿਵਾਸ ਵਿੱਚ ਆਪਣਾ ਆਖ਼ਰੀ ਕਰਿਸਮਸ ਮਨਾਉਣ ਜਾ ਰਹੇ ਹਨ। ਇਸ ਸਵਾਲ ਨੇ ਸਿਆਸੀ ਹਲਕਿਆਂ ਵਿੱਚ ਹਲਚਲ ਮਚਾ ਦਿੱਤੀ ਹੈ ਅਤੇ ਆਮ ਲੋਕਾਂ ਵਿੱਚ ਵੀ ਇਹ ਗੱਲ ਚਰਚਾ ਦਾ ਕੇਂਦਰ ਬਣੀ ਹੋਈ ਹੈ।

ਲੋਕੀ ਰਾਏ ਦਰਸਾਉਂਦੀ ਹੈ ਕਿ ਵੱਡੀ ਗਿਣਤੀ ਵਿੱਚ ਵੋਟਰਾਂ ਦਾ ਮੰਨਣਾ ਹੈ ਕਿ ਮੌਜੂਦਾ ਸਰਕਾਰ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ 'ਤੇ ਪੂਰੀ ਤਰ੍ਹਾਂ ਅਮਲ ਨਹੀਂ ਕਰ ਸਕੀ। ਮਹਿੰਗਾਈ 'ਤੇ ਕਾਬੂ ਪਾਉਣ, ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਸਿਹਤ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਵਰਗੇ ਮੁੱਖ ਮੁੱਦਿਆਂ 'ਤੇ ਲੋਕਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ। ਰਾਜਨੀਤਿਕ ਜਾਣਕਾਰਾਂ ਦਾ ਕਹਿਣਾ ਹੈ ਕਿ ਜੇ ਲੋਕਾਂ ਦੀ ਇਹ ਨਾਰਾਜ਼ਗੀ ਆਉਣ ਵਾਲੇ ਸਮੇਂ ਵਿੱਚ ਵੀ ਜਾਰੀ ਰਹੀ ਤਾਂ ਪ੍ਰਧਾਨ ਮੰਤਰੀ ਦੀ ਅਗਵਾਈ ਲਈ ਗੰਭੀਰ ਮੁਸ਼ਕਲਾਂ ਖੜੀਆਂ ਹੋ ਸਕਦੀਆਂ ਹਨ। ਕੁਝ ਮਾਹਿਰ ਇਹ ਵੀ ਮੰਨ ਰਹੇ ਹਨ ਕਿ ਸਰਕਾਰ ਦੇ ਅੰਦਰੂਨੀ ਘੇਰੇ ਵਿੱਚ ਵੀ ਦਬਾਅ ਵਧ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਅਹੰਕਾਰਪੂਰਨ ਫ਼ੈਸਲੇ ਲੈਣੇ ਪੈ ਸਕਦੇ ਹਨ। ਦੂਜੇ ਪਾਸੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਸਰਕਾਰ ਦੇਸ਼ ਨੂੰ ਠਹਿਰਾਅ ਅਤੇ ਮਜ਼ਬੂਤੀ ਵੱਲ ਲਿਜਾਣ ਲਈ ਲਗਾਤਾਰ ਯਤਨ ਕਰ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਇਸ ਦੇ ਨਤੀਜੇ ਨਜ਼ਰ ਆਉਣਗੇ। ਪਰ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਸਿਰਫ਼ ਭਰੋਸਿਆਂ ਨਾਲ ਨਹੀਂ, ਸਗੋਂ ਠੋਸ ਕਦਮਾਂ ਨਾਲ ਹੀ ਲੋਕਾਂ ਦਾ ਵਿਸ਼ਵਾਸ ਜਿੱਤਿਆ ਜਾ ਸਕਦਾ ਹੈ। ਕੁੱਲ ਮਿਲਾ ਕੇ ਤਿਉਹਾਰੀ ਮਾਹੌਲ ਦੇ ਬਾਵਜੂਦ ਬਰਤਾਨੀਆ ਦੀ ਸਿਆਸਤ ਵਿੱਚ ਗਰਮੀ ਬਣੀ ਹੋਈ ਹੈ ਅਤੇ ਪ੍ਰਧਾਨ ਮੰਤਰੀ ਲਈ ਆਉਣ ਵਾਲਾ ਸਮਾਂ ਕਾਫ਼ੀ ਨਾਜ਼ੁਕ ਮੰਨਿਆ ਜਾ ਰਿਹਾ ਹੈ।

# ਭਾਰਤ ਤੋਂ ਭੱਜੇ ਲਲਿਤ ਮੋਦੀ ਅਤੇ ਵਿਜੇ ਮਾਲੀਆ ਦੀ ਲੰਡਨ ਬੈਠੇ ਮਜ਼ਾਕੀਆ ਵੀਡੀਓ ਵਾਇਰਲ ਹੋਣ ਕਾਰਨ ਛਿੜਿਆ ਨਵਾਂ ਵਿਵਾਦ, ਲੋਕਾਂ 'ਚ ਰੋਸ

ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)- ਭਾਰਤ ਤੋਂ ਭੱਜ ਕੇ ਲੰਡਨ ਵੱਸ ਰਹੇ ਆਈਪੀਐਲ ਦੇ ਸਾਬਕਾ ਚੇਅਰਮੈਨ ਲਲਿਤ ਮੋਦੀ ਅਤੇ ਵਿਜੇ ਮਾਲੀਆ ਦੀ ਹਾਸਾ ਮਜ਼ਾਕ ਕਰਦਿਆਂ ਦੀ ਇਕ ਸਾਂਝੀ ਵੀਡੀਓ



ਵਾਇਰਲ ਹੋਈ ਵੀਡੀਓ ਚ ਇਕੱਠੇ ਦਿਖਾਈ ਦਿੰਦੇ ਹੋਏ ਭਾਰਤ ਚੋ ਭੱਜੇ ਲਲਿਤ ਮੋਦੀ ਅਤੇ ਵਿਜੇ ਮਾਲੀਆ।

ਵਾਇਰਲ ਹੋਣ ਨਾਲ ਇਕ ਵਾਰ ਮੁੜ ਦੋਵੇਂ ਚਰਚਾ ਵਿੱਚ ਆ ਗਏ ਹਨ। ਉਨ੍ਹਾਂ ਦੀ ਇਸ ਹਰਕਤ ਨਾਲ ਇਕ ਵਾਰ ਫਿਰ ਨਵਾ ਵਿਵਾਦ ਖੜਾ ਹੋ ਗਿਆ ਹੈ। ਲਲਿਤ ਮੋਦੀ ਵੱਲੋਂ ਸੋਸ਼ਲ ਮੀਡੀਆ 'ਤੇ ਪਾਈ ਗਈ ਇਕ ਵੀਡੀਓ ਨੇ ਇੰਟਰਨੈੱਟ 'ਤੇ ਖੂਬ ਚਰਚਾ ਛੇੜ ਦਿੱਤੀ ਹੈ, ਜਿਸ ਵਿੱਚ ਉਹ ਭਾਰਤ ਦੇ ਹੋਰ ਭੱਜੇ ਹੋਏ ਕਾਰੋਬਾਰੀ ਵਿਜੈ ਮਾਲੀਆ ਨਾਲ ਇਕੱਠੇ ਨਜ਼ਰ ਆ ਰਿਹਾ ਹੈ। ਇਹ ਵੀਡੀਓ ਲੰਡਨ ਵਿੱਚ ਵਿਜੈ ਮਾਲੀਆ ਦੇ ਜਨਮਦਿਨ ਸਮਾਗਮ ਦੌਰਾਨ ਬਣਾਈ ਗਈ ਦੱਸੀ ਜਾ ਰਹੀ ਹੈ। ਵੀਡੀਓ ਵਿੱਚ ਦੋਵੇਂ ਹੱਸਦੇ-ਮੁਸਕਰਾਉਂਦੇ ਨਜ਼ਰ ਆ ਰਹੇ ਹਨ ਅਤੇ ਆਪਣੇ ਆਪ ਨੂੰ ਭਾਰਤ ਦੇ "ਸਭ ਤੋਂ ਵੱਡੇ ਭੱਜੇ ਹੋਏ" ਕਹਿ ਕੇ ਮਜ਼ਾਕ ਬਣਾਉਂਦੇ ਹਨ। ਲਲਿਤ ਮੋਦੀ ਨੇ ਇਹ ਵੀਡੀਓ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਪੋਸਟ ਕਰਦਿਆਂ ਕੈਪਸ਼ਨ ਵੀ ਇਸੇ ਤਰ੍ਹਾਂ ਦਾ ਲਿਖਿਆ, ਜਿਸ ਨਾਲ ਲੋਕਾਂ ਦਾ ਗੁੱਸਾ ਹੋਰ ਭੜਕ ਉਠਿਆ। ਜਿਵੇਂ ਹੀ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ, ਲੋਕਾਂ ਨੇ ਇਸ 'ਤੇ ਤਿੱਖੀਆਂ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਈ ਯੂਜ਼ਰਾਂ ਨੇ ਇਸਨੂੰ ਭਾਰਤੀ ਕਾਨੂੰਨ ਅਤੇ ਦੇਸ਼ ਦੀ ਨਿਆਂ ਪ੍ਰਣਾਲੀ ਦਾ ਮਜ਼ਾਕ ਉਡਾਉਣ ਦੇ ਬਰਾਬਰ ਦੱਸਿਆ। ਲੋਕਾਂ ਦਾ ਕਹਿਣਾ ਹੈ ਕਿ ਹਜ਼ਾਰਾਂ ਕਰੋੜ ਰੁਪਏ ਦੇ ਮਾਮਲਿਆਂ ਵਿੱਚ ਫਸੇ ਇਹ ਲੋਕ ਵਿਦੇਸ਼ਾਂ ਵਿੱਚ ਆਰਾਮ ਨਾਲ ਰਹਿ ਕੇ ਹੱਸ-ਮਜ਼ਾਕ ਕਰ ਰਹੇ ਹਨ, ਜਦਕਿ ਭਾਰਤ ਵਿੱਚ ਆਮ ਲੋਕ ਕਾਨੂੰਨ ਦੇ ਡਰ ਹੇਠ ਜੀਉਂਦੇ ਹਨ।

ਜ਼ਿਕਰਯੋਗ ਹੈ ਕਿ ਵਿਜੈ ਮਾਲੀਆ 2016 ਵਿੱਚ ਭਾਰਤ ਤੋਂ ਭੱਜ ਗਿਆ ਸੀ ਅਤੇ ਉਸ 'ਤੇ ਬੈਂਕਾਂ ਦੇ ਹਜ਼ਾਰਾਂ ਕਰੋੜ ਰੁਪਏ ਦੇ ਕਰਜ਼ੇ ਡੁੱਬੋਣ ਦੇ ਦੋਸ਼ ਹਨ। ਦੂਜੇ ਪਾਸੇ ਲਲਿਤ ਮੋਦੀ 2010 ਵਿੱਚ ਭਾਰਤ ਛੱਡ ਕੇ ਚਲਾ ਗਿਆ ਸੀ ਅਤੇ ਉਸ 'ਤੇ ਆਈਪੀਐਲ ਨਾਲ ਜੁੜੀਆਂ ਵਿੱਤੀ ਗੜਬੜਾਂ ਦੇ ਗੰਭੀਰ ਦੋਸ਼ ਲੱਗੇ ਹੋਏ ਹਨ। ਦੋਵੇਂ ਹੀ ਲੰਮੇ ਸਮੇਂ ਤੋਂ ਭਾਰਤੀ ਏਜੰਸੀਆਂ ਦੀ ਪਹੁੰਚ ਤੋਂ ਬਾਹਰ ਵਿਦੇਸ਼ਾਂ ਵਿੱਚ ਰਹਿ ਰਹੇ ਹਨ।

ਸੋਸ਼ਲ ਮੀਡੀਆ 'ਤੇ ਕਈ ਲੋਕਾਂ ਨੇ ਇਹ ਵੀ ਸਵਾਲ ਉਠਾਏ ਹਨ ਕਿ ਆਖਰਕਾਰ ਕਦੋਂ ਤੱਕ ਅਜਿਹੇ ਲੋਕ ਦੇਸ਼ ਤੋਂ ਭੱਜ ਕੇ ਵਿਦੇਸ਼ਾਂ ਵਿੱਚ ਬੇਫ਼ਿਕਰ ਜੀਵਨ ਜੀਉਂਦੇ ਰਹਿਣਗੇ। ਕੁਝ ਲੋਕਾਂ ਨੇ ਸਰਕਾਰ ਅਤੇ ਜਾਂਚ ਏਜੰਸੀਆਂ ਨੂੰ ਵੀ ਘੇਰਦਿਆਂ ਕਿਹਾ ਕਿ ਅਜਿਹੀਆਂ ਵੀਡੀਓਜ਼ ਨਾਲ ਦੇਸ਼ ਦੀ ਛਵੀ ਨੂੰ ਠੇਸ ਪਹੁੰਚਦੀ ਹੈ।

ਫਿਲਹਾਲ ਲਲਿਤ ਮੋਦੀ ਵੱਲੋਂ ਇਸ ਮਾਮਲੇ 'ਚ ਕੋਈ ਸਫ਼ਾਈ ਸਾਹਮਣੇ ਨਹੀਂ ਆਈ, ਪਰ ਉਸ ਦੀ ਇਹ ਵੀਡੀਓ ਲੋਕਾਂ ਵਿੱਚ ਗੁੱਸੇ ਅਤੇ ਨਿਰਾਸ਼ਾ ਦਾ ਕਾਰਨ ਬਣੀ ਹੋਈ ਹੈ। ਮਾਮਲਾ ਸੋਸ਼ਲ ਮੀਡੀਆ ਤੱਕ ਹੀ ਸੀਮਤ ਰਹੇਗਾ ਜਾਂ ਕੋਈ ਹੋਰ ਕਾਰਵਾਈ ਹੋਵੇਗੀ, ਇਹ ਆਉਣ ਵਾਲੇ ਦਿਨਾਂ ਵਿੱਚ ਹੀ ਸਪਸ਼ਟ ਹੋ ਸਕੇਗਾ।

**ਗੁਰੂ ਨਾਨਕ ਗੁਰਦੁਆਰਾ ਸਾਹਿਬ ਇਰਵਿਨ (ਸਕੌਟਲੈਂਡ) ਵਿਖੇ ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ**

ਗੁਰੂ ਨਾਨਕ ਗੁਰਦੁਆਰਾ ਸਾਹਿਬ ਇਰਵਿਨ ਵਿਖੇ ਰੋਜ਼ਾਨਾ ਸੇਵਾਵਾਂ ਨਿਭਾਉਣ ਲਈ ਇਕ ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ ਮੁੱਖ ਕੰਮ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਖਆਸਣ, ਨਿੱਤਨੇਮ ਦੇ ਇਲਾਵਾ ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ ਅਤੇ ਬੱਚਿਆਂ, ਨੌਜਵਾਨਾਂ ਅਤੇ ਵੱਡਿਆਂ ਨੂੰ ਧਾਰਮਿਕ ਮੁੱਦਿਆਂ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਮਦਦ ਕਰਨੀ। ਕੰਮ ਦਾ ਸਮਾਂ ਨਾਮ ਲਈ ਫਿਕਸ ਹੋਵੇਗਾ, ਯੋਗਤਾ ਅਤੇ ਯੂ ਕੇ ਦੇ ਰੁਜ਼ਗਾਰ ਕਾਨੂੰਨ ਮੁਤਾਬਿਕ ਚੰਗੀ ਤਨਖਾਹ ਅਤੇ ਵਧੀਆ ਰਿਹਾਇਸ਼ ਦਾ ਪ੍ਰਬੰਧ। ਚੰਗੀ ਤਨਖਾਹ, ਖਾਣਾ ਅਤੇ ਵਧੀਆ ਰਿਹਾਇਸ਼ ਗੁਰਦੁਆਰਾ ਸਾਹਿਬ ਵਿਖੇ।
ਸਬੰਧਤ ਉਮੀਦਵਾਰ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿੱਖ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਹੋਣੀ ਜ਼ਰੂਰੀ ਹੈ ਪੰਜਾਬੀ ਲਿਖਣ, ਪੜ੍ਹਣ ਅਤੇ ਬੋਲਣ ਵਿਚ ਚੰਗੀ ਮੁਹਾਰਤ ਹੋਵੇ। ਕੰਮ ਦਾ ਤਜਰਬਾ ਲਾਜ਼ਮੀ ਹੋਣਾ ਚਾਹੀਦਾ ਹੈ ਅਤੇ ਪਿਛਲੇ ਕੰਮ ਤੋਂ ਨੇਕ ਚਾਲ ਚੱਲਣ ਦਾ ਸਰਟੀਫਿਕੇਟ ਹੋਣਾ ਜ਼ਰੂਰੀ ਹੈ। ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ। ਜਿਆਦਾ ਜਾਣਕਾਰੀ ਲਈ ਰਵਿੰਦਰ ਸਿੰਘ ਨਾਲ ਸੰਪਰਕ ਕਰੋ ਜੀ।
ਯੋਗ ਉਮੀਦਵਾਰ 19 ਜਨਵਰੀ 2026 ਤੋਂ ਪਹਿਲਾਂ ਅਰਜੀਆਂ ਗੁਰੂ ਘਰ ਦੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ।

**VACANCY AT GURU NANAK GURDWARA IRVINE, AYRSHIRE (TIER-5 GRANTHI) REQUIRED**

One religious worker (Granthi Singh) required to work in a busy and demanding Gurdwara Sahib, Guru Nanak Gurdwara in Irvine.

**Duties:** 1) Parkash of Sri Guru Granth Sahib, 2) Nitnem, 3) Sukhmani Sahib Ji Da Paath, 4) Sehaj Paath, 5) Recite Katha Vichar in the morning and evening, 6) Rehras Sahib, 7) Sukhasan Sahib, 8) Kirtan, 9) Explanation of various religious texts to the congregation.

**Requirements:** 1) Previous experience is essential, 2) Vast knowledge of Sri Guru Granth Sahib and Sikh history, 3) Must be Amritdhari and fluent in writing, reading and speaking Punjabi, 4) Must be of have clean character and appearance. 5) Must be able to provide references of previous experience.

**Must have right to work in U.K.**


**Duration:** Fixed term contract

**Benefits:** 1) Excellent salary, 2) Accommodation will be provided, 3) Access to Gurdwara Sahib's food pantry.

*For more information please contact:* **Ravinder Singh on 07462 303 430**

**Please send applications before 19th January 2026 to Address below**

**GURU NANAK GURDWARA SAHIB IRVINE,**
**40-42 BANK STREET, IRVINE, AYRSHIRE, SCOTLAND KA12 0LP**



ਪ੍ਰਮਜੀਤ ਸਿੰਘ ਬਸਰਾ

# ਪੰਜਾਬ ਰੈਸਲਿੰਗ ਐਸੋਸੀਏਸ਼ਨ (ਜਲੰਧਰ ਬਰਾਂਚ) ਦੇ

## ਪਰਮਜੀਤ ਸਿੰਘ ਬਸਰਾ ਨੂੰ ਪ੍ਰਧਾਨ ਅਤੇ ਪਹਿਲਵਾਨ ਸੁਰਜੀਤ ਸਿੰਘ ਨੂੰ ਜਨਰਲ ਸੈਕਟਰੀ ਬਣਨ 'ਤੇ

## ਯੂ.ਕੇ. ਦੇ ਉੱਘੇ ਖੇਡ ਪ੍ਰਮੋਟਰਾਂ ਅਤੇ ਬਿਜਨੈਸਮੈਨ ਮਾਣਕ ਭਰਾਵਾਂ ਰਾਜਵੀਰ ਸਿੰਘ ਮਾਣਕ ਅਤੇ ਸੁਰਿੰਦਰ ਸਿੰਘ ਮਾਣਕ ਵੱਲੋਂ ਵਧਾਈਆਂ



ਪਹਿਲਵਾਨ ਸੁਰਜੀਤ ਸਿੰਘ

ਪੰਜਾਬ ਰੈਸਲਿੰਗ ਐਸੋਸੀਏਸ਼ਨ ਦੀ ਜਲੰਧਰ ਬਰਾਂਚ ਦੀ ਬੀਤੇ ਦਿਨੀਂ ਚੋਣ ਸਮੇਂ ਪਰਮਜੀਤ ਸਿੰਘ ਬਸਰਾ ਨੂੰ ਪ੍ਰਧਾਨ ਅਤੇ ਪਹਿਲਵਾਨ ਸੁਰਜੀਤ ਸਿੰਘ ਨੂੰ ਜਨਰਲ ਸੈਕਟਰੀ ਬਣਨ ਤੇ ਵਧਾਈ ਦਿੰਦੇ ਹੋਏ ਸਮੁੱਚੀ ਐਸੋਸੀਏਸ਼ਨ ਦਾ ਹਾਰਦਿਕ ਧੰਨਵਾਦ ਕਰਦੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਪ੍ਰਮਜੀਤ ਸਿੰਘ ਬਸਰਾ ਅਤੇ ਪਹਿਲਵਾਨ ਸੁਰਜੀਤ ਸਿੰਘ ਜਲੰਧਰ ਦੇ ਪਹਿਲਵਾਨਾਂ ਦੀ ਸੁਚੱਜੀ ਅਗਵਾਈ ਕਰਨਗੇ ਤਾਂ ਜੋ ਉਹ ਵਧੀਆ ਕਾਰਗੁਜਾਰੀ ਕਰਨ।



ਪੰਜਾਬ ਰੈਸਲਿੰਗ ਐਸੋਸੀਏਸ਼ਨ (ਜਲੰਧਰ ਬਰਾਂਚ) ਦੇ ਅਹੁਦੇਦਾਰਾਂ ਦੀ ਚੋਣ ਸਮੇਂ ਹਾਜ਼ਰ ਮੈਂਬਰ




Rajvir Singh Manak
M.A. (Hons.) B.Sc. (Hons.)

With Best Compliments From :

Manak Brothers

| 265 & 271a High Street<br>Orpington Kent<br>BR6 0NW<br>Tel: 01689 870769 | 42 Windmill Street<br>Gravesend Kent<br>DA12 1BA<br>Tel: 01474 324529 | 46 London Road<br>Sevenoaks Kent<br>TN13 1AS<br>Tel: 01732 207207 | The Shard (25th Floor)<br>32 London Bridge St<br>London, SE1 9SG<br>Tel: 0800 634 9726 |
| --- | --- | --- | --- |

www.manaksolicitors.co.uk info@manaksolicitors.co.uk



Surinder Singh Manak
LL.B. (Hons.)


# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈੱਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।



ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਤਿੰਨ ਜਾਂ ਚਾਰ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

ਪਾਠ 24

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Last week, we made two letter words. Let us make three or more letter words with ਟ, ਠ, ਡ, ਢ, ਣ. Some times you need sound modifiers to make the right sound, but we will make just MUKTA words.

| | | | | |
| --- | --- | --- | --- | --- |
| ਟਕਰ | ਟਬਰ | ਟਰਕ | ਟਸਲ | ਟਮਟਮ |
| ਠਰਨ | ਠਗਣ | ਠਨਠਨ | ਡਰਨ | ਡਗਡਗ |
| ਡਰਮ | ਢਲਣ | ਢਕਣ | | |

ਣ ਨਾਲ ਕੋਈ ਵੀ ਸ਼ਬਦ ਸ਼ੁਰੂ ਨਹੀਂ ਹੁੰਦਾ।

Class Exercise : Make three letter words which at least use one of the letters - ਟ, ਠ, ਡ, ਢ, ਣ

# ਸਨ ਫਰਾਂਸਿਸਕੋ ਵਿੱਚ ਹਜ਼ਾਰਾਂ ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਗੁਲ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) — ਸਨ ਫਰਾਂਸਿਸਕੋ ਵਿੱਚ ਇੱਕ ਸਬ-ਸਟੇਸ਼ਨ ਨੂੰ ਲੱਗੀ ਅੱਗ ਕਾਰਨ ਬਿਜਲੀ ਸਪਲਾਈ ਵਿੱਚ ਸ਼ਨੀਵਾਰ ਨੂੰ ਵੱਡੇ ਪੱਧਰ ’ਤੇ ਖਰਾਬੀ ਆ ਗਈ, ਜਿਸਨੂੰ ਪੂਰੀ ਤਰ੍ਹਾਂ ਅਜੇ ਤੱਕ ਦੂਰ ਨਹੀਂ ਕੀਤਾ ਜਾ ਸਕਿਆ। ਇਸ ਕਾਰਨ ਹਜ਼ਾਰਾਂ ਘਰ ਅਤੇ ਕਾਰੋਬਾਰੀ ਅਦਾਰੇ ਅਜੇ ਵੀ ਬਿਜਲੀ ਤੋਂ ਬਿਨਾਂ ਹਨ।ਪੀਜੀਐਂਡਈ ਦੇ ਨਕਸ਼ੇ ਮੁਤਾਬਕ ਲਗਭਗ 16 ਹਜ਼ਾਰ ਗਾਹਕ ਅਜੇ ਵੀ ਬਿਜਲੀ ਤੋਂ ਵੰਚਿਤ ਹਨ, ਹਾਲਾਂਕਿ ਕਰੀਬ 1 ਲੱਖ 30 ਹਜ਼ਾਰ ਘਰਾਂ ਅਤੇ ਕਾਰੋਬਾਰੀ ਅਦਾਰਿਆਂ ਵਿੱਚ ਬਿਜਲੀ ਸਪਲਾਈ ਬਹਾਲ ਕਰ ਦਿੱਤੀ ਗਈ ਹੈ। ਕੰਪਨੀ ਨੇ ਦੱਸਿਆ ਕਿ ਉਸਦਾ ਅਮਲਾ ਡਾਊਨਟਾਊਨ ਸਨ ਫਰਾਂਸਿਸਕੋ ਅਤੇ ਆਸ-ਪਾਸ ਦੇ ਕਈ ਇਲਾਕਿਆਂ ਵਿੱਚ ਬਿਜਲੀ ਬਹਾਲ ਕਰਨ ਲਈ ਲਗਾਤਾਰ ਕੰਮ ਕਰ ਰਿਹਾ ਹੈ। ਕੰਪਨੀ ਅਨੁਸਾਰ, ਸਬ-ਸਟੇਸ਼ਨ ਨੂੰ ਹੋਏ ਭਾਰੀ ਨੁਕ-ਸਾਨ ਕਾਰਨ ਮੁਰੰਮਤ ਅਤੇ ਬਿਜਲੀ ਬਹਾਲੀ ਦਾ ਕੰਮ ਕਾਫ਼ੀ ਗੁੰਝਲਦਾਰ ਹੈ। ਇਸ ਲਈ ਵਾਧੂ ਇੰਜੀਨੀਅਰਾਂ ਅਤੇ ਬਿਜਲੀ ਕਰਮਚਾਰੀਆਂ ਦੀਆਂ ਸੇਵਾਵਾਂ ਵੀ ਲਈਆਂ ਗਈਆਂ ਹਨ।ਕੰਪਨੀ ਨੇ ਕਿਹਾ ਕਿ ਉਹ ਇਸ ਸਮੇਂ ਇਹ ਨਹੀਂ ਦੱਸ ਸਕਦੀ ਕਿ ਪੂਰੀ ਤਰ੍ਹਾਂ ਬਿਜਲੀ ਕਦੋਂ ਤੱਕ ਬਹਾਲ ਹੋਵੇਗੀ, ਪਰ ਜਿੰਨੀ ਛੇਤੀ ਸੰਭਵ ਹੋ ਸਕੇ, ਬਿਜਲੀ ਸਪਲਾਈ ਮੁੜ ਚਾਲੂ ਕਰਨ ਲਈ ਯਤਨ ਜਾਰੀ ਹਨ।

# ਡਰਾਈਵਿੰਗ ਲਾਈਸੈਂਸ ਰੱਦ ਕਰਨ ਦੀ ਯੋਜਨਾ ਵਿਰੁੱਧ ਪਰਵਾਸੀ ਟਰੱਕ ਡਰਾਈਵਰਾਂ ਵੱਲੋਂ ਕੇਸ

ਪਰਵਾਸੀ ਟਰੱਕ ਡਰਾਈਵਰਾਂ ਦੇ ਇੱਕ ਸਮੂਹ ਨੇ ਮੰਗਲਵਾਰ ਨੂੰ ਕੈਲੀਫੋਰਨੀਆ ਦੇ ਮੋਟਰ ਵਾਹਨ ਵਿਭਾਗ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ, ਜਿਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਸੂਬੇ ਨੇ ਹਜ਼ਾਰਾਂ ਕਾਮਿਆਂ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ। ਕੈਲੀਫੋਰਨੀਆ ਦੇ ਅਧਿਕਾਰੀਆਂ ਨੇ ਪਿਛਲੇ ਮਹੀਨੇ ਦੱਸਿਆ ਸੀ ਕਿ ਰਾਜ ਨੇ ਲਗਪਗ 17,000 ਟਰੱਕ ਡਰਾਈਵਰਾਂ ਨੂੰ ਸੂਚਿਤ ਕੀਤਾ ਹੈ ਕਿ ਉਨ੍ਹਾਂ ਦੇ ਕਮਰਸ਼ੀਅਲ ਡਰਾਈਵਿੰਗ ਲਾਈਸੈਂਸ ਰੱਦ ਕਰ ਦਿੱਤੇ ਜਾਣਗੇ ਕਿਉਂਕਿ ਲਾਈਸੈਂਸ ਦੀ ਮਿਆਦ ਖਤਮ ਹੋਣ ਦੀਆਂ ਤਰੀਕਾਂ ਉਸ ਸਮੇਂ ਤੋਂ ਅੱਗੇ ਨਿਕਲ ਗਈਆਂ ਹਨ ਜਦੋਂ ਤੱਕ ਡਰਾਈਵਰਾਂ ਨੂੰ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਰਹਿਣ ਦੀ ਇਜਾਜ਼ਤ ਸੀ।

ਇਹ ਕਦਮ ਉਦੋਂ ਚੁੱਕਿਆ ਗਿਆ ਜਦੋਂ ਟਰੰਪ ਪ੍ਰਸ਼ਾਸਨ ਨੇ ਰਾਜਾਂ ਵੱਲੋਂ ਪਰਵਾਸੀਆਂ ਨੂੰ ਲਾਈਸੈਂਸ ਜਾਰੀ ਕੀਤੇ ਜਾਣ 'ਤੇ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ। ਸੰਘੀ ਸਰਕਾਰ ਨੇ ਇਸ ਮੁੱਦੇ ਨੂੰ ਲੈ ਕੇ ਕੈਲੀਫੋਰਨੀਆ, ਪੈਨਸਿਲਵੇਨੀਆ, ਮਿਨੀਸੋਟਾ ਅਤੇ



ਨਿਊਯਾਰਕ ਦੇ ਫੰਡ ਰੋਕਣ ਦੀ ਧਮਕੀ ਦਿੱਤੀ ਹੈ। ਸਿੱਖਾਂ ਦੇ ਨਾਗਰਿਕ ਅਧਿਕਾਰਾਂ ਦੀ ਰਾਖੀ ਕਰਨ ਵਾਲੇ ਰਾਸ਼ਟਰੀ ਸਮੂਹ 'ਸਿੱਖ ਕੋਲੀਸ਼ਨ' ਅਤੇ ਸੈਨ ਫ੍ਰਾਂਸਿਸਕੋ ਸਥਿਤ 'ਏਸ਼ੀਅਨ ਲਾਅ ਕਾਕਸ' ਨੇ ਕੈਲੀਫੋਰਨੀਆ ਦੇ ਡਰਾਈਵਰਾਂ ਦੀ ਤਰਫ਼ੋਂ ਇੱਕ ਸਮੂਹਿਕ ਮੁਕੱਦਮਾ ਦਾਇਰ ਕੀਤਾ ਹੈ।

# ਯੂਰਪ ਜਾਣਾ ਹੋਇਆ ਹੋਰ ਵੀ ਆਸਾਨ: ਏਅਰ ਇੰਡੀਆ ਮੁੜ ਸ਼ੁਰੂ ਕਰੇਗੀ ਰੋਮ ਦੀਆਂ ਉਡਾਣਾਂ

ਭਾਰਤ ਤੋਂ ਯੂਰਪ ਜਾਣ ਵਾਲੇ ਹਵਾਈ ਮੁਸਾਫ਼ਰਾਂ ਲਈ ਨਵਾਂ ਸਾਲ ਵੱਡੀਆਂ ਖ਼ੁਸ਼ਖ਼ਬਰੀਆਂ ਲੈ ਕੇ ਆ ਰਿਹਾ ਹੈ। ਟਾਟਾ ਗਰੁੱਪ ਦੀ ਏਅਰ ਇੰਡੀਆ ਨੇ ਲਗਭਗ 6 ਸਾਲਾਂ ਦੇ ਵਕਫ਼ੇ ਬਾਅਦ ਇਟਲੀ ਦੀ ਰਾਜਧਾਨੀ ਰੋਮ ਲਈ ਸਿੱਧੀਆਂ ਉਡਾਣਾਂ ਮੁੜ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਸੇਵਾ 25 ਮਾਰਚ, 2026 ਤੋਂ ਦਿੱਲੀ ਤੋਂ ਸ਼ੁਰੂ ਹੋਵੇਗੀ, ਜੋ ਹਫ਼ਤੇ ਵਿੱਚ ਚਾਰ ਦਿਨ (ਸੋਮਵਾਰ, ਬੁੱਧਵਾਰ, ਸ਼ੁੱਕਰਵਾਰ ਅਤੇ ਐਤਵਾਰ) ਉਪਲਬਧ ਹੋਵੇਗੀ।ਏਅਰ ਇੰਡੀਆ ਦੇ ਅਧਿਕਾਰੀਆਂ ਅਨੁਸਾਰ, ਇਹ ਫੈਸਲਾ ਭਾਰਤ ਅਤੇ ਇਟਲੀ ਵਿਚਕਾਰ ਵਧ ਰਹੇ ਵਪਾਰਕ ਅਤੇ ਸੱਭਿਆਚਾਰਕ ਸਬੰਧਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਗਿਆ ਹੈ, ਜਿਸ ਨਾਲ ਮੁਸਾਫ਼ਰਾਂ ਨੂੰ ਸਿੱਧੀ ਕਨੈਕਟੀਵਿਟੀ ਮਿਲੇਗੀ।



# ਖਰਾਬ ਮੌਸਮ ਕਾਰਨ ਇੰਡੀਗੋ ਵੱਲੋਂ ਕਈ ਹਵਾਈ ਅੱਡਿਆਂ ਤੋਂ 67 ਉਡਾਣਾਂ ਰੱਦ

ਏਅਰਲਾਈਨਜ਼ ਇੰਡੀਗੋ ਨੇ ਅੱਜ ਖਰਾਬ ਮੌਸਮ ਅਤੇ ਸੰਚਾਲਨ ਸਬੰਧੀ ਕਾਰਨਾਂ ਕਰਕੇ ਕਈ ਹਵਾਈ ਅੱਡਿਆਂ ਤੋਂ 67 ਉਡਾਣਾਂ ਰੱਦ ਕਰ ਦਿੱਤੀਆਂ ਹਨ। ਇਹ ਜਾਣਕਾਰੀ ਏਅਰਲਾਈਨ ਨੇ ਆਪਣੀ ਵੈੱਬਸਾਈਟ ’ਤੇ ਨਸ਼ਰ ਕੀਤੀ ਹੈ। ਇੰਡੀਗੋ ਨੇ ਦੱਸਿਆ ਕਿ ਰੱਦ ਕੀਤੀਆਂ ਗਈਆਂ 67 ਉਡਾਣਾਂ ਵਿੱਚੋਂ ਸਿਰਫ਼ ਚਾਰ ਸੰਚਾਲਨ ਕਾਰਨਾਂ ਕਰਕੇ ਅਤੇ ਬਾਕੀ ਵੱਖ-ਵੱਖ ਹਵਾਈ ਅੱਡਿਆਂ ’ਤੇ ਖਰਾਬ ਮੌਸਮ ਕਾਰਨ ਰੱਦ ਕੀਤੀਆਂ ਗਈਆਂ ਹਨ। ਇਹ ਉਡਾਣਾਂ ਅਗਰਤਲਾ, ਚੰਡੀਗੜ੍ਹ, ਦੇਹਰਾਦੂਨ, ਵਾਰਾਣਸੀ, ਬੰਗਲੁਰੂ ਆਦਿ ਵਿਚ ਪ੍ਰਭਾਵਿਤ ਹੋਈਆਂ ਹਨ। ਏਵੀਏਸ਼ਨ ਰੈਗੂਲੇਟਰ ਡੀਜੀਸੀਏ ਨੇ 10 ਦਸੰਬਰ ਤੋਂ 10 ਫਰਵਰੀ ਦਰਮਿਆਨ ਦੀ ਮਿਆਦ ਨੂੰ ਇਸ ਸਰਦੀਆਂ ਵਿੱਚ ਧੁੰਦ ਵਾਲੀ ਵਿੰਡੋ ਐਲਾਨਿਆ ਹੋਇਆ ਹੈ। ਡੀਜੀਸੀਏ ਵਲੋਂ ਏਅਰਲਾਈਨਾਂ ਨੂੰ ਕਿਹਾ ਗਿਆ ਹੈ ਕਿ ਉਹ ਘੱਟ ਦਿਸਣ ਹੱਦ ਕਾਰਨ ਅਜਿਹੇ ਪਾਇਲਟ ਤਾਇਨਾਤ ਕਰਨ ਜਿਨ੍ਹਾਂ ਨੂੰ ਅਜਿਹੇ ਹਾਲਾਤ ਵਿਚ ਉਡਾਣਾਂ ਚਲਾਉਣ ਦੀ ਵਿਸ਼ੇਸ਼ ਸਿਖਲਾਈ ਮਿਲੀ ਹੋਈ ਹੋਵੇ।

# ਸਿੱਖ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ‘ਵੀਰ ਬਾਲ ਦਿਵਸ’ ਮਨਾਉਣ ’ਤੇ ਅੜੀ ਭਾਜਪਾ

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ‘ਵੀਰ ਬਾਲ ਦਿਵਸ’ ਮਨਾਉਣ ਦੇ ਫੈਸਲੇ ’ਤੇ ਸਿੱਖ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਆਪਣੇ ਪ੍ਰੋਗਰਾਮ ਮੁਤਾਬਕ ਅੱਗੇ ਵਧਣ ਲਈ ਤਿਆਰ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਇਸ ਨਾਮ ’ਤੇ ਇਤਰਾਜ਼ ਜਤਾਉਂਦੀਆਂ ਆ ਰਹੀਆਂ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ‘ਵੀਰ ਬਾਲ ਦਿਵਸ’ ਦੀ ਬਜਾਏ ਇਸ ਦਿਨ ਨੂੰ ‘ਸਾਹਿਬਜ਼ਾਦੇ ਸ਼ਹੀਦੀ ਦਿਵਸ’ ਜਾਂ ‘ਸਾਹਿਬਜ਼ਾਦੇ ਸ਼ਹਾਦਤ ਦਿਵਸ’ ਵਜੋਂ ਮਨਾਇਆ ਜਾਣਾ ਚਾਹੀਦਾ ਹੈ, ਤਾਂ ਜੋ ਸਿਰਫ਼ ਬਹਾਦਰੀ ਦੀ ਥਾਂ ਉਨ੍ਹਾਂ ਦੀ ਲਾਸਾਨੀ ‘ਸ਼ਹਾਦਤ’ ਦੇ ਸੰਕਲਪ ਨੂੰ ਉਭਾਰਿਆ ਜਾ ਸਕੇ।




Offer ends 31 March 2026. Glasses and contact lenses must be to your prescription only. Cannot be used with any other offers. Offer is valid for one purchase only and can only be redeemed once per new easycare customer per person at one participating store. Only for customers who have not been signed up to easycare for at least 6 months. **Glasses:** Must be a single pair from the £70 range or above which come with standard 1.5 single-vision lenses (or 1.6 for £70 rimless ranges). Additional charge for extra lens options. **easycare direct debit scheme:** Package valid until your membership ceases by the cancellation of your direct debit payments or after your prescription ceases to be valid (usually two years). Three months' free contact lenses can only be redeemed when you sign up for the easycare direct debit scheme at the time of purchasing the glasses. Cannot be exchanged in whole or part for cash. Three months' free contact lenses provided up front. Our staff members will inform you what your monthly subscription charge will be following the first three months of free lenses. Payment will be taken by direct debit from month two of your subscription and every month thereafter. You may cancel your subscription at any time. For cancellation details, see the easycare direct debit mandate provided to you at sign-up or contact your local store. Cancellation must be at least 30 days prior to delivery in order for payment to be refunded. Subject to suitability, availability and eligibility. If your prescription is not valid an eye test and contact lens assessment may be required at our standard charge. Offer applies to all easyvision contact lenses only. No refund is available for eyecare already provided. All easycare package benefits will be redeemable following your first direct debit payment (month two of the subscription) including your eye test. All easycare package benefits are redeemable only by the named person on easycare package. Offer applies to all soft lens products available on easycare, excluding coloured, gas permeable, and hard lenses. Subject to suitability, availability and eligibility. If your prescription is not valid, an eye test and contact lens assessment may be required at our standard charges. This offer applies to all our daily and reusable soft lenses. Excludes online purchases. For full terms and conditions relating to easycare, ask in store or visit specsavers.co.uk/contact-lenses/direct-debit-package

ਕੀ ਲਿਖੇ ਕੋਈ ਗੜ੍ਹੀ ਚਮਕੌਰ ਬਾਰੇ, ਜਿੱਥੇ ਸੁੱਤਾ ਏ ਅਜੀਤ ਜੁਝਾਰ ਤੇਰਾ। ਹੱਥੋਂ ਕਲਮਾਂ ਡਿੱਗ ਪੈਂਦੀਆਂ ਬਾਜਾਂ ਵਾਲਿਆ, ਚਿਣਿਆ ਵੇਖ ਕੇ ਨੀਹਾਂ 'ਚ ਪਰਿਵਾਰ ਤੇਰਾ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ





ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਯਾਦ ਵਿੱਚ ਸ਼ਹੀਦੀ ਸਮਾਗਮ

## ਚਾਰ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਪੁਰਬ

## ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ 26, 27, 28 ਦਸੰਬਰ 2025 ਨੂੰ

## ਕੌਆਲਕਾਸਟ ਫੌਂਡਰੀ ਡਰਬੀ ਦੇ ਸਮੂਹ ਸਾਬਕਾ ਵਰਕਰਾਂ ਅਤੇ ਡਰਬੀ ਦੀ ਸਮੂਹ ਸਾਧ ਸੰਗਤ ਵੱਲੋਂ ਪੂਰੀ ਸ਼ਰਧਾ, ਸਤਿਕਾਰ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਦਸਮੇਸ਼ ਪਿਤਾ ਕਲਗੀਧਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਦੀ ਆਜ਼ਾਦੀ ਅਤੇ ਧਰਮ ਦੀ ਰਾਖੀ ਲਈ ਸਰਬੰਸ ਵਾਰ ਕੇ ਸਿੱਖ ਪੰਥ ਨੂੰ ਰਾਹ ਦਿਖਾ ਦਿੱਤਾ ਕਿ ਕਿੰਨਾ ਵੀ ਭਾਰੀ ਸਮਾਂ ਆ ਜਾਵੇ ਸਿੱਖ ਨੇ ਡੋਲਣਾ ਨਹੀਂ। ਸ੍ਰੀ ਅਨੰਦਪੁਰ ਸਾਹਿਬ ਛੱਡਣ ਉਪਰੰਤ ਚੱਲ ਰਹੀ ਜੰਗ ਦੌਰਾਨ ਗੁਰੂ ਸਾਹਿਬ ਨੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਨੂੰ ਚਮਕੌਰ ਦੀ ਗੜ੍ਹੀ ਵਿੱਚੋਂ ਆਪਣੇ ਹੱਥੀਂ ਸਜਾ ਕੇ ਜੰਗ ਨੂੰ ਤੋਰਿਆ, ਜਿੱਥੇ ਉਹ ਲੱਖਾਂ ਮੁਗਲ ਫੌਜਾਂ ਦਾ ਬਹਾਦਰੀ ਨਾਲ ਟਾਕਰਾ ਕਰਦੇ ਹੋਏ ਸ਼ਹਾਦਤਾਂ ਪ੍ਰਾਪਤ ਕਰ ਗਏ। ਇਸੇ ਤਰ੍ਹਾਂ ਗੁਰੂ ਸਾਹਿਬ ਦੇ ਬਹੁਤ ਹੀ ਪਿਆਰੇ ਸਿੱਖ ਜੰਗ ਵਿੱਚ ਸ਼ਹੀਦ ਹੋ ਗਏ। ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਸਰਹੰਦ ਦੀਆਂ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰਨ ਪਿੱਛੋਂ ਮਾਤਾ ਗੁਜਰ ਕੌਰ ਜੀ ਨੇ ਵੀ ਸਵਾਸ ਤਿਆਗ ਦਿੱਤੇ। ਇਹਨਾਂ ਸ਼ਹਾਦਤਾਂ ਨੂੰ ਯਾਦ ਕਰਨ ਲਈ ਸਮੂਹ ਸੰਗਤਾਂ ਵੱਲੋਂ ਇਹ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ।

ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕੁਆਲਕਾਸਟ ਫੌਂਡਰੀ ਵਿਖੇ ਕੰਮ ਕਰ ਚੁੱਕੇ ਸਮੂਹ ਵਰਕਰਾਂ ਵੱਲੋਂ

ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਅਦੁੱਤੀ ਸ਼ਹਾਦਤ ਦਾ ਸ਼ਹੀਦੀ ਪੁਰਬ

**ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ**

ਕੌਆਲਕਾਸਟ ਫੌਂਡਰੀ ਵਿਖੇ ਕੰਮ ਕਰ ਚੁੱਕੇ ਸਮੂਹ ਵਰਕਰਾਂ ਅਤੇ ਸਮੁੱਚੀ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤਿੰਨੇ ਦਿਨ ਗੁਰਦੁਆਰਾ ਸਾਹਿਬ ਵਿਖੇ ਦਰਸ਼ਨ ਦਿਉ ਤੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸਾਹਿਬਜ਼ਾਦਿਆਂ ਦੀ ਯਾਦ ਵਿੱਚ 22 ਦਸੰਬਰ ਤੋਂ 28 ਦਸੰਬਰ ਤੱਕ ਸ਼ਾਮ 7 ਤੋਂ 8 ਵਜੇ ਤੱਕ ਨਾਮ ਸਿਮਰਨ ਹੋਵੇਗਾ।**

ਪ੍ਰੋਗਰਾਮ ਦਾ ਵੇਰਵਾ

## ਮਾਤਾ ਗੁਜਰ ਕੌਰ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਮਹਾਨ ਯਾਦ ਨੂੰ ਸਮਰਪਿਤ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਦਿਨ ਸ਼ੁੱਕਰਵਾਰ 26 ਦਸੰਬਰ 2025 ਸਵੇਰੇ 10:00 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ ਐਤਵਾਰ 28 ਦਸੰਬਰ 2025 ਸਵੇਰੇ 9:30 ਵਜੇ ਪਾਏ ਜਾਣਗੇ**

ਭੋਗ ਤੋਂ ਉਪਰੰਤ ਦੀਵਾਨ ਸਜਣਗੇ ਜਿਸ ਦੌਰਾਨ ਗੁਰੂ ਘਰ ਦਾ ਹਜ਼ੂਰੀ ਜਥਾ ਕੀਰਤਨ ਕਰੇਗਾ, ਉਸ ਤੋਂ ਬਾਅਦ ਕਥਾ ਵਾਚਕ ਗਿਆਨੀ ਮੇਜਰ ਸਿੰਘ ਲਧਾਈਕੇ, ਰਾਗੀ ਜਥਾ ਭਾਈ ਬਚਿੱਤਰ ਸਿੰਘ, ਢਾਡੀ ਜਥਾ ਗਿਆਨੀ ਹਰਦੀਪ ਸਿੰਘ ਮਾਨੋਚਾਹਲ ਹਾਜ਼ਰੀ ਭਰਨਗੇ ਅਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਬੇਨਤੀ ਕਰਤਾ - ਧੰਨਵਾਦ ਸਹਿਤ ਸਮੂਹ ਕੌਆਲਕਾਸਟ ਵਰਕਰ, ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਮੈਂਬਰ ਗੁਰਦੁਆਰਾ ਸਾਹਿਬ

# GURU ARJAN DEV GURDWARA

STANHOPE STREET, DERBY, DE23 6QJ. TEL: 01332 776872 / 270 644

ਵਧੇਰੇ ਜਾਣਕਾਰੀ ਲਈ ਸੰਪਰਕ ਫੋਨ: - 07890 674 690 / ਫੋਨ- 07817 607 925 / ਫੋਨ- 07774 222734

## ਭਾਜਪਾ ਆਗੂ ਨੇ ਗਾਇਕ ਹਨੀ ਸਿੰਘ ਖਿਲਾਫ਼ ਡੀਜੀਪੀ ਪੰਜਾਬ ਨੂੰ ਦਿੱਤੀ ਸ਼ਿਕਾਇਤ, ਗੀਤ ਜ਼ਰੀਏ ਅਸ਼ਲੀਲਤਾ ਫੈਲਾਉਣ ਦੇ ਲਗਾਏ ਇਲਜ਼ਾਮ



ਬਾਲੀਵੁੱਡ ਸਿੰਗਰ ਤੇ ਰੈਪਰ ਯੋਯੋ ਹਨੀ ਸਿੰਘ ਆਪਣੇ ਗਾਣੇ ਨੂੰ ਲੈ ਕੇ ਵਿਵਾਦਾਂ ਵਿਚ ਹਨ। ਦੋ ਸਾਲ ਪਹਿਲਾਂ ਆਏ 'ਨਾਗਿਨ' ਗਾਣੇ ਨੂੰ ਲੈ ਕੇ ਉਨ੍ਹਾਂ 'ਤੇ ਅਸ਼ਲੀਲਤਾ ਫੈਲਾਉਣ ਦੇਦੋਸ਼ ਹਨ। ਭਾਜਪਾ ਨੇਤਾ ਅਰਵਿੰਦ ਸ਼ਰਮਾ ਨੇ ਗਾਇਕ ਯੋ ਯੋ ਹਨੀ ਸਿੰਘ ਖਿਲਾਫ ਸ਼ਿਕਾਇਤ ਕੀਤੀ ਹੈ ਤੇ FIR ਦਰਜ ਕਰਨ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਗਾਣੇ ਨੂੰ ਯੂਟਿਊਬ ਸਣੇ ਸਾਰੇ ਡਿਜੀਟਲ ਪਲੇਟਫਾਰਮ ਤੋਂ ਹਟਾਉਣ ਦੀ ਮੰਗ ਕੀਤੀ ਗਈ।

ਜਲੰਧਰ ਦੇ ਭਾਜਪਾ ਨੇਤਾ ਨੇ ਡੀਜੀਪੀ ਪੰਜਾਬ ਨੂੰ ਇਸ ਦੀ ਸ਼ਿਕਾਇਤ ਕੀਤੀ ਹੈ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ 'ਨਾਗਿਨ' ਗੀਤ ਦੇ ਵੀਡੀਓ ਵਿਚ ਅਸ਼ਲੀਲਤਾ ਦਿਖਾਈ ਗਈ ਹੈ। ਇਹ ਗੀਤ ਅਸ਼ਲੀਲਤਾ ਨਾਲ ਭਰਿਆ ਹੈ, ਇਸ ਲਈ ਇਸ ਨੂੰ ਯੂਟਿਊਬ ਸਣੇ ਹੋਰ ਪਲੇਟਫਾਰਮ ਤੋਂ ਡਿਲੀਟ ਕਰਵਾਇਆ ਜਾਵੇ।


# ਸਰਹੱਦ ਪਾਰ ਕਰ ਕੇ ਪਾਕਿਸਤਾਨ ਪਹੁੰਚਿਆ ਸ਼ਾਹਕੋਟ ਦਾ ਨੌਜਵਾਨ



ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਸ਼ਾਹਕੋਟ ਇਲਾਕੇ ਦੇ ਭੋਏਪੁਰ ਪਿੰਡ ਦਾ ਰਹਿਣ ਵਾਲਾ ਇੱਕ ਪੰਜਾਬੀ ਨੌਜਵਾਨ ਸ਼ਰਨਦੀਪ ਸਿੰਘ ਕਥਿਤ ਤੌਰ 'ਤੇ ਭਾਰਤ-ਪਾਕਿਸਤਾਨ ਸਰਹੱਦ ਪਾਰ ਕਰਕੇ ਪਾਕਿਸਤਾਨ ਵਿੱਚ ਦਾਖਲ ਹੋ ਗਿਆ ਹੈ। ਉਸਨੂੰ ਪਾਕਿਸਤਾਨ ਦੇ ਕਸੂਰ ਸੈਕਟਰ ਵਿੱਚ ਪਾਕਿਸਤਾਨ ਰੇਂਜਰਾਂ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਫਿਲਹਾਲ ਇਹ ਸਪੱਸ਼ਟ ਨਹੀਂ ਹੈ ਕਿ ਨੌਜਵਾਨ ਨੇ ਕਿਹੜੇ ਹਾਲਾਤਾਂ ਵਿੱਚ ਸਰਹੱਦ ਪਾਰ ਕੀਤੀ। ਭਾਰਤੀ ਸੁਰੱਖਿਆ ਏਜੰਸੀਆਂ ਨੂੰ ਇਸ ਘਟਨਾ ਦੀ ਜਾਣਕਾਰੀ ਦੇ ਦਿੱਤੀ ਗਈ ਹੈ, ਅਤੇ ਮਾਮਲੇ ਸਬੰਧੀ ਹੋਰ ਜਾਂਚ ਜਾਰੀ ਹੈ।ਸ਼ਰਨਦੀਪ ਦੇ ਪਿਤਾ ਸਤਨਾਮ ਸਿੰਘ ਨੇ ਗੁੰਮਸ਼ੁਦਾ ਵਿਅਕਤੀ ਦੀ ਰਿਪੋਰਟ ਦਰਜ ਕਰਵਾਈ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਉਸਦਾ ਪੁੱਤਰ ਲਾਪਤਾ ਹੈ। ਰਿਪੋਰਟਾਂ ਦੇ ਅਨੁਸਾਰ, ਉਸਦੇ ਖਿਲਾਫ ਪਹਿਲਾਂ ਵੀ ਇੱਕ ਐਫਆਈਆਰ ਦਰਜ ਕੀਤੀ ਗਈ ਹੈ, ਅਤੇ ਉਸਨੂੰ ਲਗਭਗ ਇੱਕ ਮਹੀਨਾ ਪਹਿਲਾਂ ਕਪੂਰਥਲਾ ਵਿੱਚ ਜੇਲ੍ਹ ਭੇਜਿਆ ਗਿਆ ਸੀ।

# ਮੁਅੱਤਲ ਡੀਆਈਜੀ ਭੁੱਲਰ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਟਲੀ

ਭ੍ਰਿਸ਼ਟਾਚਾਰ ਅਤੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲਿਆਂ ਵਿੱਚ ਗ੍ਰਿਫ਼ਤਾਰ ਮੁਅੱਤਲ ਡੀਆਈਜੀ ਹਰਚਰਨ ਸਿੰਘ



ਭੁੱਲਰ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਟਾਲ ਦਿੱਤੀ ਗਈ ਹੈ। ਹੁਣ 2 ਜਨਵਰੀ 2026 ਨੂੰ ਮਾਮਲੇ ਦੀ ਅਗਲੀ ਸੁਣਵਾਈ ਹੋਵੇਗੀ। ਕੋਰਟ ਵੱਲੋਂ CBI ਨੂੰ ਅਗਲੀ ਸੁਣਵਾਈ 'ਤੇ ਆਪਣਾ ਪੱਖ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ।

ਅੱਜ ਸੁਣਵਾਈ ਦੌਰਾਨ ਸੀਬੀਆਈ ਨੇ ਜਵਾਬ ਦਾਇਰ ਕਰਨ ਲਈ ਸਮਾਂ ਮੰਗਿਆ ਸੀ। ਇਸ ਲਈ ਕੋਰਟ ਵੱਲੋਂ ਸੁਣਵਾਈ ਟਾਲ ਦਿੱਤੀ ਗਈ। ਹਰਚਰਨ ਸਿੰਘ ਭੁੱਲਰ ਵੱਲੋਂ ਅਦਾਲਤ ਵਿੱਚ ਇੱਕ ਹੋਰ ਅਰਜ਼ੀ ਵੀ ਦਾਇਰ ਕੀਤੀ ਗਈ ਹੈ, ਜਿਸਦੀ ਸੁਣਵਾਈ ਦੁਪਹਿਰ ਬਾਅਦ ਹੋਵੇਗੀ। ਹਰਚਰਨ ਸਿੰਘ ਭੁੱਲਰ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿੱਚ ਪੇਸ਼ ਹੋਏ।

ਹਰਚਰਨ ਸਿੰਘ ਭੁੱਲਰ ਨੇ ਪਹਿਲਾਂ ਸੀਬੀਆਈ ਐਫਆਈਆਰ ਨੂੰ ਚੁਣੌਤੀ ਦਿੱਤੀ ਸੀ ਅਤੇ ਰਾਹਤ ਦੀ ਮੰਗ ਕੀਤੀ ਸੀ। ਇੰਨਾ ਹੀ ਨਹੀਂ, ਹਾਈ ਕੋਰਟ ਵਿੱਚ ਜ਼ਮਾਨਤ ਪਟੀਸ਼ਨ ਵੀ ਦਾਇਰ ਕੀਤੀ ਗਈ ਸੀ। ਪਰ ਕਿਉਂਕਿ ਮਾਮਲੇ ਦੀ ਸੁਣਵਾਈ ਉੱਥੇ ਨਹੀਂ ਹੋਈ, ਇਸ ਲਈ ਭੁੱਲਰ ਵੱਲੋਂ ਇੱਥੇ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਗਈ ਹੈ।

## ਦੂਸਰੇ ਵਿਸ਼ਵ ਯੁੱਧ ਵਿੱਚ ਬਚਿਆ ਆਖਰੀ ਨੇਵੀ ਸੈਨਿਕ 105 ਸਾਲ ਦੀ ਉਮਰ ਵਿੱਚ ਦੇਹਾਂਤ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) — 1941 ਵਿੱਚ ਦੂਸਰੇ ਵਿਸ਼ਵ ਯੁੱਧ ਦੌਰਾਨ ਹਵਾਈ 'ਤੇ ਹੋਈ ਜਪਾਨੀ ਬੰਬਾਰੀ ਤੋਂ ਬਚੇ ਅਮਰੀਕੀ ਨੇਵੀ ਸੈਨਿਕਾਂ ਵਿੱਚੋਂ ਜ਼ਿੰਦਾ ਆਖਰੀ ਸੈਨਿਕ ਾਇਰਉ ਿਕਏ ਸ਼ਚਹਓਬ ਦਾ 105 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਨ੍ਹਾਂ ਦੀ ਧੀ ਕਿਮਬਰਲੀ ਹੀਨਰਿਚਸ ਨੇ ਖ਼ਬਰ ਏਜੰਸੀ ਨੂੰ ਦੱਸਿਆ ਕਿ ਸ਼ਾਬ ਨੇ ਸ਼ਨੀਵਾਰ ਤੜਕੇ ਉਸ ਅਤੇ ਉਸਦੇ ਪਤੀ ਦੀ ਹਾਜ਼ਰੀ ਵਿੱਚ ਆਖਰੀ ਸਾਹ ਲਿਆ। ਪਰਲ ਹਾਰਬਰ ਹਮਲੇ ਵਿੱਚ ਲਗਭਗ 2400 ਅਮਰੀਕੀ ਸੈਨਿਕ ਮਾਰੇ ਗਏ ਸਨ, ਜਦਕਿ ਸਿਰਫ਼ ਦਰਜਨ ਦੇ ਕਰੀਬ ਹੀ ਸੈਨਿਕ ਬਚੇ ਸਨ, ਜਿਨ੍ਹਾਂ ਵਿੱਚ ਸ਼ਾਬ ਵੀ ਸ਼ਾਮਿਲ ਸਨ।

# ਮਜੀਠੀਆ 'ਤੇ ਦੋਸ਼ ਅਗਲੇ ਸਾਲ ਆਇਦ ਹੋਣਗੇ



ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿੱਚ 6 ਜੁਲਾਈ ਤੋਂ ਨਾਭਾ ਦੀ ਨਿਊ ਜੇਲ੍ਹ ਵਿੱਚ ਬੰਦ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਅੱਜ ਵੀਡੀਓ ਕਾਨਫਰੰਸਿੰਗ ਰਾਹੀਂ ਮੁਹਾਲੀ ਦੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਵਿੱਚ ਪੇਸ਼ੀ ਭੁਗਤੀ। ਮਜੀਠੀਆ 'ਤੇ ਅੱਜ ਵੀ ਦੋਸ਼ ਆਇਦ ਨਹੀਂ ਹੋ ਸਕੇ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ ਆਗਾਮੀ 3 ਜਨਵਰੀ ਨੂੰ ਹੋਵੇਗੀ।

ਬਿਕਰਮ ਮਜੀਠੀਆ ਦੇ ਵਕੀਲਾਂ ਨੇ 10 ਦਸੰਬਰ ਦੀ ਪਿਛਲੀ ਪੇਸ਼ੀ ਦੌਰਾਨ ਇੱਕ ਦਰਖ਼ਾਸਤ ਦੇ ਕੇ ਮਜੀਠੀਆ ਦੇ ਮਾਮਲੇ ਦੀ ਸੁਣਵਾਈ ਓਪਨ ਕੋਰਟ ਅਤੇ ਲਾਈਵ ਸਟਰੀਮ ਰਾਹੀਂ ਕਰਨ ਦੀ ਮੰਗ ਕੀਤੀ ਸੀ, ਜਿਸ ਸਬੰਧੀ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ। ਜ਼ਿਕਰਯੋਗ ਹੈ ਕਿ ਬਿਕਰਮ ਮਜੀਠੀਆ ਨੂੰ 25 ਜੂਨ ਨੂੰ ਉਨ੍ਹਾਂ ਦੀ ਅੰਮ੍ਰਿਤਸਰ ਸਥਿਤ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰਕੇ ਮੁਹਾਲੀ ਲਿਆਂਦਾ ਗਿਆ ਸੀ। ਵਿਜੀਲੈਂਸ ਵੱਲੋਂ ਉਨ੍ਹਾਂ ਖ਼ਿਲਾਫ਼ 40 ਹਜ਼ਾਰ ਪੰਨਿਆਂ ਦਾ ਚਲਾਨ ਅਦਾਲਤ ਵਿੱਚ ਪੇਸ਼ ਕੀਤਾ ਜਾ ਚੁੱਕਾ ਹੈ। ਮਜੀਠੀਆ ਦੀ ਮੁਹਾਲੀ ਦੀ ਅਦਾਲਤ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚੋਂ ਵੀ ਜ਼ਮਾਨਤ ਦੀ ਅਰਜ਼ੀ ਖਾਰਜ ਹੋ ਚੁੱਕੀ ਹੈ ਅਤੇ ਮਜੀਠੀਆ ਦੇ ਵਕੀਲਾਂ ਨੇ ਹੁਣ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ ਅਤੇ ਅਦਾਲਤ ਵੱਲੋਂ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਚਾਰ ਹਫ਼ਤਿਆਂ ਵਿਚ ਜਵਾਬ ਮੰਗਿਆ ਗਿਆ ਹੈ।




# ਐਪਸਟੀਨ ਫਾਈਲਾਂ: ਟਰੰਪ 'ਤੇ 'ਜ਼ਿਨਸੀ ਸ਼ੋਸ਼ਣ' ਦੇ ਇਲਜ਼ਾਮ, ਅਮਰੀਕੀ ਨਿਆਂ ਵਿਭਾਗ ਨੇ ਦਾਅਵਿਆਂ ਨੂੰ ਨਕਾਰਿਆ

ਅਮਰੀਕੀ ਨਿਆਂ ਵਿਭਾਗ ਵੱਲੋਂ ਮੰਗਲਵਾਰ ਨੂੰ ਜੈਫਰੀ ਐਪਸਟੀਨ ਨਾਲ ਸਬੰਧਤ ਦਸਤਾਵੇਜ਼ਾਂ ਦਾ ਇੱਕ ਨਵਾਂ ਬੈਚ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਖੁਲਾਸਾ ਹੋਇਆ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੋਸ਼ੀ ਜਿਨਸੀ ਅਪਰਾਧੀ ਐਪਸਟੀਨ ਦੇ ਨਿੱਜੀ ਜਹਾਜ਼ ਵਿੱਚ ਪਹਿਲਾਂ ਦੱਸੀ ਗਈ ਗਿਣਤੀ ਨਾਲੋਂ ਕਿਤੇ ਵੱਧ ਵਾਰ ਸਫ਼ਰ ਕੀਤਾ ਸੀ।

ਨਿਊਯਾਰਕ ਦੇ ਇੱਕ ਸਰਕਾਰੀ ਵਕੀਲ ਦੀ 7 ਜਨਵਰੀ 2020 ਦੀ ਈਮੇਲ ਅਨੁਸਾਰ ਫਲਾਈਟ ਰਿਕਾਰਡ ਦਰਸਾਉਂਦੇ ਹਨ ਕਿ ਟਰੰਪ ਨੇ 1990 ਦੇ ਦਹਾਕੇ ਦੌਰਾਨ ਐਪਸਟੀਨ ਦੇ ਜੈੱਟ 'ਤੇ ਅੱਠ ਵਾਰ ਉਡਾਣ ਭਰੀ ਸੀ, ਜਿਨ੍ਹਾਂ ਵਿੱਚੋਂ ਘੱਟੋ-ਘੱਟ ਚਾਰ ਉਡਾਣਾਂ ਵਿੱਚ ਐਪਸਟੀਨ ਦੀ ਸਹਿਯੋਗੀ ਘਿਸਲੇਨ ਮੈਕਸਵੈੱਲ ਵੀ ਸਵਾਰ ਸੀ। ਹਾਲਾਂਕਿ, ਟਰੰਪ ਨੇ 2024 ਵਿੱਚ ਦਾਅਵਾ ਕੀਤਾ ਸੀ ਕਿ ਉਹ ਕਦੇ ਵੀ ਐਪਸਟੀਨ ਦੇ ਜਹਾਜ਼ ਜਾਂ ਉਸ ਦੇ ਟਾਪੂ 'ਤੇ ਨਹੀਂ ਗਏ ਸਨ। ਨਵੇਂ ਰਿਕਾਰਡਾਂ ਵਿੱਚ ਇੱਕ ਅਜਿਹੀ ਉਡਾਣ ਦਾ ਵੀ ਜ਼ਿਕਰ ਹੈ ਜਿਸ ਵਿੱਚ ਸਿਰਫ਼ ਐਪਸਟੀਨ, ਟਰੰਪ ਅਤੇ ਇੱਕ 20 ਸਾਲਾ ਅਣਪਛਾਤੀ ਮਹਿਲਾ ਸਵਾਰ ਸੀ।

ਨਿਆਂ ਵਿਭਾਗ ਨੇ 'X' 'ਤੇ ਇੱਕ ਬਿਆਨ ਜਾਰੀ ਕਰਦਿਆਂ ਸਪੱਸ਼ਟ ਕੀਤਾ ਕਿ ਇਨ੍ਹਾਂ ਦਸਤਾਵੇਜ਼ਾਂ ਵਿੱਚ ਰਾਸ਼ਟਰਪਤੀ ਟਰੰਪ ਵਿਰੁੱਧ ਕੀਤੇ ਗਏ ਕੁਝ ਦਾਅਵੇ ਝੂਠੇ ਅਤੇ ਸਨਸਨੀਖੇਜ਼ ਹਨ, ਜੋ 2020 ਦੀਆਂ ਚੋਣਾਂ ਤੋਂ ਠੀਕ



ਪਹਿਲਾਂ ਐਫਬੀਆਈ ਨੂੰ ਸੌਂਪੇ ਗਏ ਸਨ। ਵਿਭਾਗ ਅਨੁਸਾਰ ਇਹ ਦਾਅਵੇ ਬੇਬੁਨਿਆਦ ਹਨ, ਪਰ ਪਾਰਦਰਸ਼ਤਾ ਦੇ ਕਾਨੂੰਨ ਤਹਿਤ ਇਨ੍ਹਾਂ ਨੂੰ ਜਾਰੀ ਕਰਨਾ ਜ਼ਰੂਰੀ ਸੀ। ਜਾਰੀ ਕੀਤੀਆਂ ਗਈਆਂ 30,000 ਫਾਈਲਾਂ ਵਿੱਚ ਕਈ ਵੀਡੀਓ ਕਲਿੱਪ ਵੀ ਹਨ, ਜਿਨ੍ਹਾਂ ਵਿੱਚੋਂ ਇੱਕ ਵੀਡੀਓ ਐਪਸਟੀਨ ਦੀ ਜੇਲ੍ਹ ਸੈੱਲ ਦੇ ਅੰਦਰ ਦੀ ਦੱਸੀ ਗਈ ਹੈ, ਪਰ ਜਾਂਚ ਵਿੱਚ ਇਹ 'ਕੰਪਿਊਟਰ-ਜਨਰੇਟਿਡ' ਪਾਈ ਗਈ ਹੈ। ਇਸ ਤੋਂ ਇਲਾਵਾ ਇੱਕ ਈਮੇਲ ਵਿੱਚ ਟਰੰਪ ਦੇ ਸਾਬਕਾ ਸਹਿਯੋਗੀ ਸਟੀਵ ਬੈਨਨ ਦੇ ਫ਼ੋਨ ਤੋਂ ਟਰੰਪ ਅਤੇ ਮੈਕਸਵੈੱਲ ਦੀ ਇੱਕ ਤਸਵੀਰ ਮਿਲਣ ਦਾ ਵੀ ਜ਼ਿਕਰ ਹੈ।

ਦੂਜੇ ਪਾਸੇ ਟਰੰਪ ਨੇ ਇਨ੍ਹਾਂ ਫਾਈਲਾਂ ਦੀ ਮਹੱਤਤਾ ਨੂੰ ਘਟਾਉਂਦਿਆਂ ਕਿਹਾ ਕਿ ਇਹ ਸਭ ਉਨ੍ਹਾਂ ਦੀ ਸਫਲਤਾ ਤੋਂ ਧਿਆਨ ਭਟਕਾਉਣ ਲਈ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਕਾਂਗਰਸ ਵੱਲੋਂ ਪਾਸ ਕੀਤੇ ਗਏ ਪਾਰਦਰਸ਼ਤਾ ਕਾਨੂੰਨ ਕਾਰਨ ਇਹ ਫਾਈਲਾਂ ਜਾਰੀ ਕਰਨੀਆਂ ਪਈਆਂ ਹਨ, ਜਦਕਿ ਟਰੰਪ ਪ੍ਰਸ਼ਾਸਨ ਇਨ੍ਹਾਂ ਨੂੰ ਸੀਲ ਰੱਖਣ ਦੀ ਕੋਸ਼ਿਸ਼ ਕਰ ਰਿਹਾ ਸੀ।

ਰਿਪਬਲਿਕਨ ਪ੍ਰਤੀਨਿਧੀ ਥਾਮਸ ਮੈਸੀ ਨੇ ਟਰੰਪ ਦੀ ਆਲੋਚਨਾ ਕਰਦਿਆਂ ਕਿਹਾ ਕਿ ਟਰੰਪ ਉਸ ਬਿੱਲ ਲਈ ਉਨ੍ਹਾਂ ਨੂੰ ਦੋਸ਼ੀ ਠਹਿਰਾ ਰਹੇ ਹਨ ਜਿਸ 'ਤੇ ਉਨ੍ਹਾਂ ਨੇ ਖੁਦ ਦਸਤਖਤ ਕੀਤੇ ਸਨ, ਜਦਕਿ ਅਟਾਰਨੀ ਜਨਰਲ ਪਾਮ ਬੋਂਡੀ ਕਾਨੂੰਨੀ ਤੌਰ 'ਤੇ ਲੋੜੀਂਦੇ ਦਸਤਾਵੇਜ਼ਾਂ ਨੂੰ ਮਿਟਾਉਣ ਜਾਂ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।

# ਅਮਰੀਕਾ ਵਿੱਚ ਸ਼ਰਨ ਮੰਗਣ ਵਾਲਿਆਂ ਨੂੰ ਹੋਰ ਦੇਸ਼ਾਂ ਵਿਚ ਭੇਜਣ ਦੀ ਤਿਆਰੀ

## ਹਜ਼ਾਰਾਂ ਪਰਵਾਸੀਆਂ ਨੂੰ ਗੁਆਟੇਮਾਲਾ, ਹੋਂਡੂਰਸ, ਇਕਵਾਡੋਰ ਅਤੇ ਯੂਗਾਂਡਾ ਦੇਸ਼ਾਂ ਵਿਚ ਭੇਜਿਆ ਜਾਵੇਗਾ

ਟਰੰਪ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਅਦਾਲਤਾਂ ਵਿੱਚ ਹਜ਼ਾਰਾਂ ਪਰਵਾਸੀਆਂ ਦੇ ਸ਼ਰਨ ਦਾਅਵਿਆਂ ਦੇ ਕੇਸਾਂ ਨੂੰ ਰੱਦ ਕਰਨ ਲਈ ਦੇਸ਼ ਵਿਆਪੀ ਮੁਹਿੰਮ ਚਲਾਈ ਹੈ। ਟਰੰਪ ਪ੍ਰਸ਼ਾਸਨ ਦਲੀਲ ਦੇ ਰਿਹਾ ਹੈ ਕਿ ਸ਼ਰਨ ਮੰਗਣ ਵਾਲਿਆਂ ਨੂੰ ਉਨ੍ਹਾਂ ਦੇਸ਼ਾਂ ਵਿੱਚ ਡਿਪੋਰਟ ਕੀਤਾ ਜਾ ਸਕਦਾ ਹੈ ਜੋ ਉਨ੍ਹਾਂ ਦੇ ਆਪਣੇ ਨਹੀਂ ਹਨ ਭਾਵ ਉਨ੍ਹਾਂ ਨੂੰ ਕਿਸੇ ਤੀਜੇ ਦੇਸ਼ ਵਿਚ ਭੇਜਿਆ ਜਾ ਸਕਦਾ ਹੈ। ਕਈ ਇਮੀਗ੍ਰੇਸ਼ਨ ਵਕੀਲਾਂ ਅਤੇ ਪ੍ਰਮਾਣਿਤ ਕਾਨੂੰਨੀ ਪ੍ਰਤੀਨਿਧੀਆਂ ਨੇ ਇਕ ਨਿਊਜ਼ ਏਜੰਸੀ ਨੂੰ ਦੱਸਿਆ ਕਿ ਹਾਲ ਹੀ ਦੇ ਹਫ਼ਤਿਆਂ ਵਿੱਚ ਇਹ ਕੋਸ਼ਿਸ਼ ਤੇਜ਼ ਹੁੰਦੀ ਜਾ ਰਹੀ ਹੈ। ਦੱਸਣਾ ਬਣਦਾ ਹੈ ਕਿ ਅਟਲਾਂਟਾ, ਨਿਊਯਾਰਕ, ਮਿਆਮੀ, ਲਾਸ ਏਂਜਲਸ, ਸਾਂ ਫਰਾਂਸਿਸਕੋ, ਟੈਕਸਾਸ ਅਤੇ ਅਮਰੀਕਾ ਭਰ ਵਿੱਚ ਹੋਰ ਥਾਵਾਂ 'ਤੇ ਸ਼ਰਨ ਮੰਗਣ ਵਾਲਿਆਂ ਨੇ ਇਮੀਗ੍ਰੇਸ਼ਨ ਅਦਾਲਤਾਂ ਦਾ ਰੁਖ਼ ਕੀਤਾ ਸੀ ਤੇ ਇਨ੍ਹਾਂ ਲੰਬਿਤ ਕੇਸਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਮੀਗ੍ਰੇਸ਼ਨ ਅਦਾਲਤਾਂ ਨਿਆਂਇਕ ਸ਼ਾਖਾ ਦਾ ਹਿੱਸਾ ਨਹੀਂ ਹਨ ਪਰ ਉਹ ਨਿਆਂ ਵਿਭਾਗ ਵਲੋਂ ਚਲਾਈਆਂ ਜਾਂਦੀਆਂ ਪ੍ਰਸ਼ਾਸਕੀ ਸੰਸਥਾਵਾਂ ਹਨ ਜੋ ਦੇਸ਼ ਵਿਚੋਂ ਕੱਢਣ ਵਾਲੇ ਲੋਕਾਂ ਦੇ ਮਾਮਲਿਆਂ ਦੀ ਨਿਗਰਾਨੀ ਕਰਦੀਆਂ ਹਨ।



ਪ੍ਰਸ਼ਾਸਨ ਦੀ ਨਵੀਂ ਰਣਨੀਤੀ ਅਨੁਸਾਰ ਸ਼ਰਨ ਮੰਗਣ ਵਾਲੇ ਕਹਿੰਦੇ ਹਨ ਕਿ ਉਹ ਆਪਣੇ ਦੇਸ਼ਾਂ ਵਿੱਚ ਅਤਿਆਚਾਰ ਤੋਂ ਡਰਦੇ ਸ਼ਰਨ ਮੰਗ ਰਹੇ ਹਨ ਪਰ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਦੇਸ਼ ਦੀ ਥਾਂ ਹੋਰ ਦੇਸ਼ਾਂ ਵਿਚ ਭੇਜਿਆ ਜਾ ਸਕਦਾ ਹੈ ਜਿਸ ਲਈ ਟਰੰਪ ਪ੍ਰਸ਼ਾਸਨ ਵਲੋਂ ਕੰਮ ਕੀਤਾ ਜਾ ਰਿਹਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪ੍ਰਸ਼ਾਸਨ ਦੀ ਨਵੀਂ ਰਣਨੀਤੀ ਵਿੱਚ ਆਈਸੀਈ ਵਕੀਲਾਂ ਵਲੋਂ ਇਮੀਗ੍ਰੇਸ਼ਨ ਜੱਜਾਂ ਨੂੰ ਸ਼ਰਨ ਦੇ ਮਾਮਲਿਆਂ ਨੂੰ ਯੋਗਤਾਵਾਂ 'ਤੇ ਸੁਣੇ ਬਿਨਾਂ ਖਾਰਜ ਕਰਨ ਲਈ ਕਿਹਾ ਗਿਆ ਹੈ। ਰਿਪੋਰਟ ਵਿੱਚ ਅੱਗੇ ਕਿਹਾ ਗਿਆ ਹੈ ਕਿ ਆਈਸੀਈ ਵਕੀਲਾਂ ਨੇ ਜੱਜਾਂ ਨੂੰ ਸ਼ਰਨ ਮੰਗਣ ਵਾਲਿਆਂ ਨੂੰ ਗੁਆਟੇਮਾਲਾ, ਹੋਂਡੂਰਸ, ਇਕਵਾਡੋਰ ਅਤੇ ਯੂਗਾਂਡਾ ਵਰਗੇ ਦੇਸ਼ਾਂ ਵਿੱਚ ਭੇਜਣ ਦਾ ਹੁਕਮ ਦੇਣ ਲਈ ਵੀ ਕਿਹਾ ਹੈ। ਇਹ ਰਿਪੋਰਟ ਉਦੋਂ ਆਈ ਹੈ ਜਦੋਂ ਰਾਸ਼ਟਰਪਤੀ ਡੋਨਲਡ ਟਰੰਪ ਅਗਲੇ ਸਾਲ ਨਵੀਂ ਇਮੀਗ੍ਰੇਸ਼ਨ ਕਾਰਵਾਈ ਕਰਨ ਦੀ ਤਿਆਰੀ ਕਰ ਰਹੇ ਹਨ।

# ਅਲਬਰਟਾ ਦੀ ਆਜ਼ਾਦੀ ਦੇ ਲੋਕ-ਮਤ ਨੂੰ ਚੋਣ ਏਜੰਸੀ ਵਲੋਂ ਪ੍ਰਵਾਨਗੀ

## ਕੈਨੇਡਾ ਚ ਰਹਿਣਾ ਜਾਂ ਵੱਖਰੇ ਹੋਣ ਦੀ ਚੋਣ ਬਾਰੇ ਹਾਂ-ਨਾਂਹ ਲਈ ਪੈਣਗੀਆਂ ਵੋਟਾਂ

ਕੈਨੇਡਾ ਦੇ ਅਲਬਟਾ ਸੂਬੇ ਦੀ ਮੁੱਖ ਮੰਤਰੀ ਵਲੋ ਕੁੱਝ ਮਹੀਨੇ ਪਹਿਲਾਂ ਉਠਾਈ ਗਈ ਵੱਖਰੇ ਹੋਣ ਦੀ ਮੰਗ ਲਈ ਰਿਫਰੈਂਡਮ (ਲੋਕ ਮਤ) ਕਰਾਏ ਜਾਣ ਦੀ ਮੰਗ ਨੂੰ ਉਥੋਂ ਦੀ ਚੋਣ ਏਜੰਸੀ ਨੇ ਪ੍ਰਵਾਨ ਕਰ ਲਿਆ ਹੈ। ਪਰ ਉਸ ਤੋਂ ਪਹਿਲਾਂ ਮੰਗ ਕਰਨ ਵਾਲਿਆਂ ਨੂੰ ਇਸ ਮੰਗ ਦੀ ਪਟੀਸ਼ਨ 'ਤੇ 1 ਲੱਖ 78 ਹਜਾਰ ਲੋਕਾਂ ਦੇ ਦਸਤਖ਼ਤ ਕਰਾਉਣੇ ਪੈਣਗੇ। ਏਜੰਸੀ ਵਲੋਂ ਦਿੱਤੇ ਗਏ ਫੈਸਲੇ ਉੱਤੇ ਵੱਖ ਵੱਖ ਲੋਕਾਂ ਵਲੋਂ ਆਪਣੇ ਪ੍ਰਤੀਕਰਮ ਦਿੱਤੇ ਗਏ ਹਨ।

ਕੁੱਝ ਇਸ ਨੂੰ ਅਜਾਦੀ ਦਾ ਪ੍ਰਗਟਾਵਾ ਅਤੇ ਕੁਝ ਦੇਸ਼ ਦੀ ਅਖੰਡਤਾ ਤੇ ਹਮਲਾ ਦੱਸ ਰਹੇ ਹਨ। ਏਜੰਸੀ ਵਲੋਂ ਦੱਸਿਆ ਗਿਆ ਕਿ ਮੰਗ ਪੇਸ਼ਕਾਰ ਅਲਬਰਟਾ ਪਰੋਸਪੈਰਿਟੀ ਪ੍ਰੋਜੈਕਟ ਦੇ ਸੀ ਈ ਓ ਮਿੱਚ ਸਿਲਵਾਸਤਰੇ ਜਨਵਰੀ ਦੇ ਅੰਤ ਤੱਕ ਵਿੱਤੀ ਅਫਸਰ ਨਿਯੁਕਤ ਕੀਤਾ ਜਾਏਗਾ, ਜੋ ਦਸਤਖ਼ਤੀ ਮੁਹਿੰਮ ਦੀ ਦੇਖ ਰੇਖ ਕਰੇਗਾ।

ਜੇ ਚਾਰ ਮਹੀਨਿਆਂ ਵਿੱਚ ਲੋੜੀਂਦੀ ਗਿਣਤੀ ਵਿੱਚ ਲੋਕਾਂ ਦੇ ਦਸਤਖ਼ਤ ਹੁੰਦੇ ਹਨ ਤਾਂ ਲੋਕ-ਮਤ ਦੀ ਤਰੀਕ ਦਾ ਐਲਾਨ ਕੀਤਾ ਜਾ ਸਕਦਾ ਹੈ। ਏਜੰਸੀ ਨੇ ਦੱਸਿਆ ਕਿ ਵੋਟਾਂ 'ਚ ਲੋਕਾਂ ਤੋਂ ਹਾਂ ਜਾਂ ਨਾਂਹ ਵਿੱਚ ਜਵਾਬ ਲਿਆ ਜਾਏਗਾ ਕਿ ਉਹ ਸਹਿਮਤ ਹਨ ਕਿ ਅਲਬਰਟਾ ਕੈਨੇਡਾ ਤੋਂ ਵੱਖਰਾ ਹੋ ਕੇ ਅਜਾਦ ਦੇਸ਼ ਬਣੇ। ਜਿਕਰਯੋਗ ਹੈ ਕਿ ਅਲਬਰਟਾ, ਜਿੱਥੇ ਧਰਤੀ ਹੇਠ ਕੱਚੇ ਤੇਲ, ਕੁਦਰਤੀ ਗੈਸ ਤੇ ਹੋਰ ਖਣਿਜਾਂ ਦੇ ਭੰਡਾਰ ਹਨ, ਦੀ ਸੂਬਾਈ ਸਰਕਾਰ ਦੀ ਆਮ ਤੌਰ ਤੇ ਫੈਡਰਲ ਸਰਕਾਰਾਂ ਨਾਲ ਘੱਟ ਹੀ ਬਣਦੀ ਰਹੀ ਹੈ। ਇਸ ਸਾਲ ਦੀ ਸ਼ੁਰੂਆਤ ਮੌਕੇ ਅਮਰੀਕਾ ਦੇ ਰਾਸਟਰਪਤੀ ਵਲੋਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੀ ਪੇਸ਼ਕਸ਼ ਕੀਤੀ ਗਈ ਸੀ।

ਅਲਬਰਟਾ ਦੀ ਮੁੱਖ ਮੰਤਰੀ ਡੈਨੀਅਲ ਸਮਿੱਥ ਵੱਲੋਂ ਉਦੋਂ ਤੋਂ ਹੀ ਵੱਖਰੇ ਹੋਣ ਦੀ ਗੱਲ ਕੀਤੀ ਜਾ ਰਹੀ ਹੈ। ਉਧਰ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਉਸ ਨੂੰ ਖੁਸ਼ ਕਰਨ ਲਈ ਵਾਤਾਵਰਣ ਪ੍ਰੇਮੀਆਂ ਦੀ ਨਰਾਜਗੀ ਸਹੇੜ ਕੇ ਅਲਬਰਟਾ ਦੇ ਤੇਲ ਖੂਹਾਂ ਤੋਂ ਵੈਨਕੂਵਰ ਤੱਟ ਤੱਕ ਵੱਡੀ ਤੇਲ ਪਾਈਪ ਵਿਛਾਉਣ ਲਈ ਮਨਜ਼ੂਰੀ ਦਿੱਤੀ ਹੈ ਤਾਂ ਜੋ ਉੱਥੋਂ ਦਾ ਤੇਲ ਵੱਡੀ ਮਾਤਰਾ ਵਿੱਚ ਨਿਰਯਾਤ ਕੀਤਾ ਜਾ ਸਕੇ।

ਇੱਥੇ ਦੱਸਣਾ ਬਣਦਾ ਹੈ ਕਿ ਲੰਘੇ ਦਹਾਕਿਆਂ ਵਿੱਚ ਕੈਨੇਡਾ ਦਾ ਕਿਊਬਿਕ ਸੂਬੇ ਵਿੱਚ ਵੀ ਦੋ ਵਾਰ ਹੋਏ ਲੋਕ ਮਤ ਮੌਕੇ ਵੱਖਵਾਦੀਆਂ ਨੂੰ ਬਹੁਮੱਤ ਨਹੀਂ ਸੀ ਮਿਲਿਆ।

# ਫਲੋਰਿਡਾ ਦੀ ਇੱਕ ਔਰਤ ਵੱਲੋਂ ਇੱਕੋ ਦਿਨ ਵਿੱਚ ਆਪਣੇ ਸਾਬਕਾ ਦੋ ਪਤੀਆਂ ਦੀ ਹੱਤਿਆ, ਗ੍ਰਿਫਤਾਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਫਲੋਰਿਡਾ ਦੀ ਸੂਸਾਨ ਏਰਿਕਾ ਅਵਾਲੋਨ ਨਾਮੀ ਔਰਤ ਦੁਆਰਾ ਇੱਕੋ ਦਿਨ ਵਿੱਚ ਆਪਣੇ ਦੋ ਸਾਬਕਾ ਪਤੀਆਂ ਦੀ ਹੱਤਿਆ ਕਰ ਦੇਣ ਦੀ ਖਬਰ ਹੈ। ਮੈਨਾਟੀ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਫਿਲਹਾਲ ਉਸ ਵਿਰੁੱਧ ਇੱਕ ਮਾਮਲੇ ਵਿੱਚ ਦੂਸਰਾ ਦਰਜਾ ਹੱਤਿਆ ਦੇ ਦੋਸ਼ ਲਾਏ ਗਏ ਹਨ ਜਿਨਾਂ ਦੋਸ਼ਾਂ ਵਿੱਚ ਛੇਤੀ ਵਾਧਾ ਕੀਤੇ ਜਾਣ ਦਾ ਸੰਭਾਵਨਾ ਹੈ। ਮੈਨਾਟੀ ਕਾਊਂਟੀ ਸ਼ੈਰਿਫ ਰਿਕ ਵੈਲਜ ਨੇ ਕਿਹਾ ਹੈ ਕਿ ਇੱਕ ਘਰ ਵਿੱਚ ਗੋਲੀਬਾਰੀ ਉਪਰੰਤ ਮੌਕੇ 'ਤੇ ਪੁੱਜੀ ਪੁਲਿਸ ਨੂੰ ਇੱਕ 54 ਸਾਲਾ ਵਿਅਕਤੀ ਜਖਮੀ ਹਾਲਤ ਵਿੱਚ ਮਿਲਿਆ। ਜਿਸ ਨੂੰ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ ਪਰੰਤੂ ਮਰਨ ਤੋਂ ਪਹਿਲਾਂ ਉਸ ਨੇ ਪੁਲਿਸ ਨੂੰ ਦਸਿਆ ਕਿ ਸ਼ੂਟਰ ਸੰਭਾਵੀ ਤੌਰ 'ਤੇ ਉਸ ਦੀ ਸਾਬਕਾ ਪਤਨੀ ਹੈ। ਜਦੋਂ ਪੁਲਿਸ ਅਫਸਰਾਂ ਨੇ ਅਵਾਲੋਨ ਨੂੰ ਉਸ ਦੇ ਸਾਬਕਾ ਪਤੀ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਕਿਹੜੇ ਸਾਬਕਾ ਪਤੀ ਦੀ ਗੱਲ ਕਰ ਰਹੇ ਹੋ। ਇਸ 'ਤੇ ਪੁਲਿਸ ਨੂੰ ਪਤਾ ਲੱਗਾ ਕਿ ਉਸ ਦਾ ਇੱਕ ਹੋਰ ਸਾਬਕਾ ਪਤੀ ਹੈ ਜੋ ਟਾਂਪਾ ਖੇਤਰ ਵਿੱਚ ਰਹਿੰਦਾ ਹੈ। ਸ਼ੈਰਿਫ ਦਫਤਰ ਨੇ ਟਾਂਪਾ ਪੁਲਿਸ ਵਿਭਾਗ ਨਾਲ ਸੰਪਰਕ ਕੀਤਾ ਜਿਨਾਂ ਨੇ ਤੁਰੰਤ ਹਿਲਜਬਰੋਘ ਕਾਊਂਟੀ ਵਿੱਚ ਇੱਕ ਘਰ ਵਿੱਚ ਪੁਲਿਸ ਅਫਸਰ ਭੇਜੇ ਜਿਥੋਂ ਇਕ ਵਿਅਕਤੀ ਮ੍ਰਿਤਕ ਹਾਲਤ ਵਿੱਚ ਮਿਲਿਆ ਜਿਸ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਵੈਲਜ ਨੇ ਕਿਹਾ ਹੈ ਕਿ ਜਾਂਚਕਾਰਾਂ ਦਾ ਵਿਸ਼ਵਾਸ਼ ਹੈ ਕਿ ਅਵਾਲੋਨ ਨੇ ਪਹਿਲਾਂ ਹਿਲਜਬਰੋਘ ਵਿੱਚ ਦੂਸਰੇ ਸਾਬਕਾ ਪਤੀ ਦੀ ਹੱਤਿਆ ਕੀਤੀ ਤੇ ਬਾਅਦ ਵਿੱਚ ਉਸ ਨੇ ਮੈਨਾਟੀ ਕਾਊਂਟੀ ਵਿੱਚ ਉਸੇ ਦਿਨ ਆਪਣੇ ਪਹਿਲੇ ਪਤੀ ਦੀ ਹੱਤਿਆ ਕੀਤੀ। ਵੈਲਜ ਨੇ ਕਿਹਾ ਕਿ ਅਵਾਲੋਨ ਵਿਰੁੱਧ ਪਹਿਲਾ ਦਰਜਾ ਹੱਤਿਆਵਾਂ ਦੇ ਦੋਸ਼ ਲਾਏ ਜਾਣ ਦੀ ਸੰਭਾਵਨਾ ਹੈ ਜਿਨਾਂ ਦੋਸ਼ਾਂ ਤਹਿਤ ਉਸ ਨੂੰ ਮੌਤ ਦੀ ਸਜ਼ਾ ਹੋ ਸਕਦੀ ਹੈ।

# 13 ਸਾਲ ਤੱਕ ਪਤਨੀ ਨਾਲ ਦਰਿੰਦਗੀ, ਪੰਜ ਮੁਲਜ਼ਮ ਅਦਾਲਤ ਵਿੱਚ ਪੇਸ਼

ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਵਿੱਚ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਪਤੀ ਉੱਤੇ ਆਪਣੀ ਹੀ ਪਤਨੀ ਨੂੰ ਨਸ਼ੇ ਦੀਆਂ ਦਵਾਈਆਂ ਦੇ ਕੇ ਸਾਲਾਂ ਤੱਕ ਜਬਰ ਜਨਾਹ ਕਰਨ ਦੇ ਗੰਭੀਰ ਦੋਸ਼ ਲੱਗੇ ਹਨ। ਇਸ ਮਾਮਲੇ ਨਾਲ ਜੁੜੇ ਪੰਜ ਮਰਦਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ, ਜਿਨ੍ਹਾਂ ਉੱਤੇ ਵੀ ਭਿਆਨਕ ਜਿਨਸੀ ਜੁਰਮਾਂ ਦੇ ਦੋਸ਼ ਲਗੇ ਹਨ।



ਅਦਾਲਤ ਨੂੰ ਦੱਸਿਆ ਗਿਆ ਕਿ ਮੁੱਖ ਦੋਸ਼ੀ ਨੇ ਕਰੀਬ 13 ਸਾਲਾਂ ਤੱਕ ਆਪਣੀ ਪਤਨੀ ਨੂੰ ਦਵਾਈਆਂ ਦੇ ਕੇ ਬੇਹੋਸ਼ ਕਰਦਾ ਰਿਹਾ ਅਤੇ ਉਸ ਨਾਲ ਬਾਰ-ਬਾਰ ਦਰਿੰਦਗੀ ਕੀਤੀ। ਇੱਥੇ ਹੀ ਨਹੀਂ, ਦੋਸ਼ ਹੈ ਕਿ ਉਸ ਨੇ ਹੋਰ ਮਰਦਾਂ ਨੂੰ ਵੀ ਇਸ ਘਿਨੌਨੇ ਕੰਮ ਲਈ ਬੁਲਾਇਆ, ਜਿਨ੍ਹਾਂ ਨੇ ਵੀ ਪੀੜਤਾ ਨਾਲ ਜਿਨਸੀ ਜੁਲਮ ਕੀਤੇ।

ਪੁਲਿਸ ਮੁਤਾਬਕ ਇਹ ਸਾਰੇ ਜੁਰਮ ਲੰਮੇ ਸਮੇਂ ਤੱਕ ਚੁੱਪਚਾਪ ਚੱਲਦੇ ਰਹੇ ਅਤੇ ਪੀੜਤਾ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਭਾਰੀ ਤਸ਼ੱਦਦ ਸਹਿਣਾ ਪਿਆ। ਜਦੋਂ ਇਹ ਮਾਮਲਾ ਸਾਹਮਣੇ ਆਇਆ ਤਾਂ ਜਾਂਚ ਅਧਿਕਾਰੀਆਂ ਵੀ ਹੈਰਾਨ ਰਹਿ ਗਏ। ਅਦਾਲਤ ਵਿੱਚ ਦੱਸਿਆ ਗਿਆ ਕਿ ਪੀੜਤਾ ਨੂੰ ਅਕਸਰ ਯਾਦ ਹੀ ਨਹੀਂ ਰਹਿੰਦਾ ਸੀ ਕਿ ਉਸ ਨਾਲ ਕੀ ਕੁਝ ਹੋ ਰਿਹਾ ਹੈ।

ਅਦਾਲਤ ਵਿੱਚ ਪੇਸ਼ ਕੀਤੇ ਗਏ ਪੰਜੇ ਮੁਲਜ਼ਮਾਂ ਉੱਤੇ ਜਿਨਸੀ ਸ਼ੋਸ਼ਣ, ਸਾਜ਼ਿਸ਼ ਅਤੇ ਹੋਰ ਕਈ ਗੰਭੀਰ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਗਏ ਹਨ। ਜੱਜ ਨੇ ਮਾਮਲੇ ਦੀ ਨਜ਼ਾਕਤ ਨੂੰ ਦੇਖਦਿਆਂ ਇਸਨੂੰ ਬਹੁਤ ਹੀ ਗੰਭੀਰ ਅਪਰਾਧ ਕਰਾਰ ਦਿੱਤਾ ਅਤੇ ਕਿਹਾ ਕਿ ਅਜਿਹੇ ਜੁਰਮ ਸਮਾਜ ਲਈ ਖ਼ਤਰਾ ਹਨ।

ਪੁਲਿਸ ਅਤੇ ਅਭਿਯੋਗ ਪੱਖ ਨੇ ਕਿਹਾ ਕਿ ਪੀੜਤਾ ਨੂੰ ਹਰ ਤਰ੍ਹਾਂ ਦੀ ਮਦਦ ਅਤੇ ਸੁਰੱਖਿਆ ਦਿੱਤੀ ਜਾ ਰਹੀ ਹੈ। ਨਾਲ ਹੀ, ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਨੂੰ ਵੀ ਅਜਿਹੇ ਜੁਰਮਾਂ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਉਹ ਬਿਨਾਂ ਡਰ ਦੇ ਅੱਗੇ ਆਵੇ।


ਸਮੂਹ ਜਗਤ ਨੂੰ ਕ੍ਰਿਸਮਿਸ ਅਤੇ ਨਵੇਂ ਸਾਲ ਦੀ ਲੱਖ ਲੱਖ ਵਧਾਈ

JSR CONTRACTS LTD T/A
JSR 247 RECOVERY

Reliable Vehicle Transport & Recovery Services - Local and Nationwide

We provide professional and efficient vehicle transport solutions tailored to your needs:



- Local and Nationwide Vehicle Transport – Single or multiple vehicles
- Trade Plate Deliveries & Collections – Fast and compliant vehicle movements
- Auction Collections & Dealership Transfers – Safe and timely service
- Transport for Non-Runners & Damaged Vehicles – Secure and careful handling
- Customer Handovers, Scheduled Deliveries, Professional presentation every time
- Flexible Scheduling & Competitive Pricing – Quality service that fits your budget

Whether you're a dealership, trader, or private customer, we ensure your vehicles are transported safely and on time.

Contact us today for a reliable quote and hassle-free service!

We are available 24X7 and cover Bilston, West Bromwich, Dalston, Walsall, Wednesbury, Wednesfield, Willenhall, Wolverhampton, Dudley, Hilltop, Great Bridge and the surrounding areas for the recovery services. We have the full insurance.

ਜੇ. ਐਸ. ਆਰ. 247 ਰਿਕਵਰੀ

ਵੱਲੋਂ ਆਪ ਜੀ ਦੀ ਸਹੂਲਤ ਲਈ ਕਾਰ ਰਿਕਵਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਆਪ ਜੀ ਦੇ ਸਹਿਯੋਗ ਦੀ ਲੋੜ ਹੈ।

ਕਿਰਪਾ ਕਰਕੇ ਸੇਵਾ ਦਾ ਮੌਕਾ ਦਿਓ।

* ਏਰੀਆ ਅਤੇ ਸਰਵਿਸ ਸੱਤੇ ਦਿਨ 24 ਘੰਟੇ ਤੁਹਾਡੀ ਸੇਵਾ ਵਿੱਚ ਹਾਜ਼ਿਰ ਹਨ।
* ਬਿਲਸਟਨ, ਵੈਸਟ ਬਰੋਮਵਿਚ, ਡਾਰਲਸਟਨ, ਵਾਲਸਾਲ, ਵੈਡਨਸਬਰੀ, ਵੈਡਨਸਫੀਲਡ, ਵਿਲਨਹਾਲ, ਵੁਲਵਰਹੈਂਪਟਨ, ਡਡਲੀ, ਹਿੱਲਟਾਪ, ਗ੍ਰੇਟ ਬ੍ਰਿਜ ਦੇ ਆਸ ਪਾਸ ਕਿਤੇ ਵੀ ਗੱਡੀ ਰਿਕਵਰੀ ਦੀ ਸਰਵਿਸ ਪ੍ਰਦਾਨ ਕਰਦੇ ਹਾਂ।
* ਇੱਕ ਜਾਂ ਵੱਧ ਕਾਰਾਂ, ਟ੍ਰੇਡ ਪਲੇਟ, ਲੋਕਲ ਜਾਂ ਪੂਰੇ ਯੂ ਕੇ ਵਿੱਚ ਚੱਕ ਤੇ ਛੱਡ ਸਕਦੇ ਹਾਂ।

ਸਾਡੇ ਕੋਲ ਪੂਰੀ ਇੰਸ਼ੋਰੈਂਸ ਹੈ।
ਤੁਹਾਨੂੰ ਘਬਰਾਉਣ ਦੀ ਕੋਈ ਲੋੜ ਨਹੀਂ।

ਵਧੇਰੇ ਜਾਣਕਾਰੀ ਜਾਂ ਬੁਕਿੰਗ ਲਈ ਹੇਠਾਂ ਦਿੱਤੇ ਨੰਬਰ ਜਾਂ ਈਮੇਲ ਰਾਹੀਂ ਸੰਪਰਕ ਕਰੋ:

FOR MORE INFO CALL OR SEND MESSAGE TO:

WhatsApp Phone: 07462 760 215
Email:info@jsr247recovery.com
www.jsr247recovery.com





ਆਪਣੇ ਕਾਨੂੰਨੀ ਮਸਲਿਆਂ ਦੇ ਹੱਲ ਲਈ
ਇਮੀਗ੍ਰੇਸ਼ਨ ਵਕੀਲ ਅਟਵਾਲ ਨਾਲ ਸੰਪਰਕ ਕਰੋ:

ATWAL LAW

IMMIGRATION LAWYER

All Immigration Services



- Help for individuals and businesses
- Sponsorship license and all immigration applications

Harnek Singh Atwal

Tel: 07973 760075 Free first consultation

ਕਵੈਂਟਰੀ, ਬਰਮਿੰਘਮ ਅਤੇ ਸਾਊਥਾਲ ਵਿੱਚ ਆਪਣੇ ਹਰ ਤਰ੍ਹਾਂ ਦੇ ਕਾਨੂੰਨੀ ਮਸਲਿਆਂ ਦੇ ਹੱਲ ਵਾਸਤੇ ਸਲਾਹ ਲੈਣ ਲਈ ਅੱਜ ਹੀ ਹਰਨੇਕ ਸਿੰਘ ਅਟਵਾਲ ਨਾਲ ਸੰਪਰਕ ਕਰੋ ਜੀ।
ਪਹਿਲੀ ਗੱਲਬਾਤ ਦੌਰਾਨ ਸਲਾਹ ਬਿਲਕੁੱਲ ਮੁਫਤ

ਮੋਬਾਈਲ ਫੋਨ: 07973 760075

## ਸਾਹਿਬਜ਼ਾਦਿਆਂ ਦੀ ਸ਼ਹੀਦੀ 'ਤੇ ਵਿਸ਼ੇਸ਼

# ਸ਼ਹੀਦੋਂ ਕੀ ਕਤਲਗਾਹ ਸੇ ਕਿਆ ਬੇਹਤਰ ਕਾਬਾ? ਸ਼ਹੀਦੋਂ ਕੀ ਖ਼ਾਕ ਪੇ ਤੋ ਖ਼ੁਦਾ ਭੀ ਕੁਰਬਾਨ ਹੋਤਾ ਹੈ

**ਚਾਰੇ ਸਾਹਿਬਜ਼ਾਦਿਆਂ ਨੇ ਬਾਲੀ ਉਮਰੇ ਵੱਡੇਸਾਕੇ ਨੂੰ ਅੰਜਾਮ ਦਿੱਤਾ, ਜਿਸ ਕਰਕੇ ਉਹਨਾ ਨੂੰ ਸਿੱਖ ਸੰਗਤ ਵੱਲੋਂ "ਬਾਬਾ" ਦਾ ਲਕਬ ਵੀ ਦਿੱਤਾ ਗਿਆ , ਜੋ ਉਹਨਾਂ ਦੇ ਨਾਮ ਦੇ ਸ਼ੁਰੂ ਵਿਚਬਹੁਤ ਹੀ ਸਤਿਕਾਰ ਨਾਲ ਲਗਾਇਆ ਜਾਂਦਾ ਹੈ । ਸਾਹਿਬਜ਼ਾਦਿਆਂ ਦੀ ਅਦੁੱਤੀ ਕੁਰਬਾਨੀ ਨੂੰ ਮੁੱਖ ਰੱਖਦਿਆਂ ਉਹਨਾਂ ਦਾ ਨਾਮ ਅਰਦਾਸਵਿਚ ਵੀ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ।**



**ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ:)**

ਕਿਹਾ ਜਾਂਦਾ ਹੈ ਕਿ "ਜਦ ਡੁੱਲ੍ਹਦਾ ਖ਼ੂਨ ਸ਼ਹੀਦਾਂ ਦਾ, ਤਕਦੀਰ ਬਦਲਦੀ ਕੌਮਾਂ ਦੀ ।" ਸ਼ਹੀਦ ਕਿਸੇ ਵੀ ਕੌਮ ਦਾ ਅਨਮੋਲ ਸਰਮਾਇਆ ਹੁੰਦੇਹਨ । ਇਹ ਕਿਸੇ ਕੌਮ ਦੀ ਜਿਉਂਦੀ-ਜਾਗਦੀ ਜ਼ਮੀਰ ਦੀ ਅਵਾਜ਼ ਹੁੰਦੇ ਹਨ, ਵਿਰਸੇ ਦੀ ਧਰੋਹਰ ਹੁੰਦੇ ਹਨ, ਹੱਕ-ਸੱਚ ਦੀ ਲੜਾਈ ਦੀ ਲਟਾਲਟ ਬਲਦੀ ਮਸ਼ਾਲ ਹੁੰਦੇ ਹਨ, ਇਹ ਕੌਮ ਦੀਆ ਅਗਲੀਆਂ ਪੀੜ੍ਹੀਆਂ ਵਾਸਤੇ ਪ੍ਰੇਰਣਾ ਦਾ ਸੋਮਾ ਹੁੰਦੇ ਹਨ । ਜੋ ਕੌਮਾਂ ਆਪਣੇ ਵਿਰਸੇ ਨਾਲਜੁੜੀਆ ਰਹਿੰਦੀਆਂ ਹਨ, ਵਿਰਸੇ ਦੀ ਸੰਭਾਲ ਕਰਦੀਆਂ ਹਨ, ਉਹ ਕੌਮਾਂ ਹਮੇਸ਼ਾ ਜ਼ਿੰਦਾ ਰਹਿੰਦੀਆਂ ਹਨ ਤੇ ਰਹਿੰਦੀ ਦੁਨੀਆ ਤੱਕ, ਦੁਨੀਆਉਹਨਾਂ ਦਾ ਸਿੱਕਾ ਮੰਨਦੀ ਹੈ । ਸਿੱਖ ਧਰਮ, ਧਰਮਾਂ ਦੀ ਦੁਨੀਆਂ ਵਿਚ ਇਕ ਅਜਿਹਾ ਧਰਮ ਹੈ ਜੋ ਉਮਰ ਚ ਬਾਕੀ ਸਭ ਧਰਮਾਂ ਨਾਲੋ ਬਹੁਤ ਨਿੱਕਾ ਹੈ। ਇਹ ਉਹਧਰਮ ਹੈ ਜੋ ਪੂਰੀ ਮਨੁੱਖਤਾ ਨੂੰ ਕਲਾਵੇ ਚ ਲੈਂਦਾ ਹੈ, ਸਰਬੱਤ ਦਾ ਭਲਾ ਲੋੜਦਾ ਹੈ , ਕੁਦਰਤ ਦੀ ਹਰ ਸ਼ੈਅ ਨੂੰ ਅਨਮੋਲ ਮੰਨਦਾ ਹੈ, ਮਨੁੱਖੀਅਧਿਕਾਰਾਂ ਦੀ ਵਜਾਹਤ ਕਰਦਾ ਹੈ ਤੇ ਕੁਦਰਤ ਦੀ ਰੱਖਿਆ ਦੀ ਹੋਕਾ ਦਿੰਦਾ ਹੈ ।

ਸਿੱਖ ਧਰਮ ਦਾ ਇਤਿਹਾਸ ਦੁਨੀਆ ਦੀਆਂ ਅਦੁੱਤੀ ਕੁਰਬਾਨੀਆ ਦਾ ਇਤਿਹਾਸ ਹੈ । ਵਿਸ਼ਵ ਦੀ ਪਹਿਲੀ ਸ਼ਹਾਦਤ ਪੰਜਵੇ ਗੁਰੂ ਅਰਜਨਦੇਵ ਜੀ ਦੀ ਮੰਨੀ ਜਾਂਦੀ ਹੈ । ਇਸ ਕਰਕੇ ਹੀ ਉਹਨਾਂ ਨੂੰ ਸ਼ਹੀਦਾ ਦੇ "ਸਿਰਤਾਜ" ਵੀ ਆਖਿਆ ਜਾਂਦਾ ਹੈ । ਨੌਵੇਂ ਗੁਰੂ ਸ੍ਰੀ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਅਣਗਿਣਤ ਸਿੱਖਾਂ ਨੇ ਸ਼ਹੀਦੀਆਂ ਦਿੱਤੀਆਂ, ਮੌਕੇ ਦੇ ਜਾਲਮ ਹਾਕਮਾਂ ਵਲੋ ਆਰਿਆਂ ਨਾਲ ਚੀਰੇ ਗਏ, ਦੇਗਾਂ ਵਿਚ ਉਬਾਲੇ ਗਏ, ਖੋਪੜੀਆ ਉਤਾਰੀਆਂ ਗਈਆਂ, ਚਰਖੜੀਆਂ 'ਤੇ ਚਾਹੜੱ ਗਏ, ਖੰਨਾ ਖੰਨਾ ਕੀਤੇ ਗਏ ਪਰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਤਸਵੀਰ ਜਦੋਂ ਵੀ ਅੱਖਾਂ ਸਾਹਮਣੇ ਆਉਂਦੀ ਹੈ ਤਾਂ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਦਸਮ ਪਾਤਸ਼ਾਹ ਸ੍ਰੀਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨੇ ਆਪਣੇ ਧਰਮ ਦੀ ਰੱਖਿਆ ਲਈ ਲਾਸਾਨੀ ਸ਼ਹਾਦਤ ਦਿੱਤੀ ਜੋ ਸਿੱਖ ਇਤਿਹਾਸ ਦੇ ਹੀਨਹੀਂ ਬਲਕਿ ਪੂਰੇ ਵਿਸ਼ਵ ਦੇ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਨਾਲ ਲਿਖੀ ਗਈ ਹੈ । ਉਹਨਾਂ ਨੇ ਜਿਸ ਵੀਰਤਾ ਅਤੇ ਸੂਰਮਗਤੀਨਾਲ ਬਾਲੀ ਉਮਰੇ ਜਾਲਮ ਦੇ ਜ਼ੁਲਮ ਦਾ ਮੁਕਾਬਲਾ ਕੀਤਾ, ਉਸ ਦੀ ਮਿਸਾਲ ਪੂਰੀ ਦੁਨੀਆ ਵਿੱਚ ਨਹੀਂ ਮਿਲਦੀ ।

ਸਿੱਖ ਜਗਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ 'ਸੱਚਾ ਪਾਤਸ਼ਾਹ' ਕਿਹਾ ਜਾਂਦਾ ਹੈ, ਇਸ ਕਰਕੇ ਉਨ੍ਹਾਂ ਦੇ ਚਾਰੇ ਸਪੁੱਤਰਾਂ ਨੂੰ ਆਦਰ ਵਜੋਂ"ਸਾਹਿਬਜ਼ਾਦਿਆਂ" ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ । ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ-ਦੋਵੇਂ ਇੱਕੋ ਦਿਨ ਸ਼ਹੀਦ ਹੋਏ, ਇਸਕਰਕੇ ਉਹਨਾਂ ਨੂੰ 'ਵੱਡੇ ਸਾਹਿਬਜ਼ਾਦੇ' ਆਖਿਆ ਜਾਂਦਾ ਹੈ । ਇਸੇ ਤਰ੍ਹਾਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ-ਦੋਹਾਂ ਨੂੰ ਇੱਕੋ ਦਿਨਸ਼ਹੀਦ ਕੀਤਾ ਗਿਆ ਸੀਙ ਇਸ ਲਈ ਉਹਨਾਂ ਨੂੰ 'ਛੋਟੇ ਸਾਹਿਬਜ਼ਾਦੇ' ਆਖਿਆ ਜਾਂਦਾ ਹੈ । ਚਾਰੇ ਸਾਹਿਬਜ਼ਾਦਿਆਂ ਨੇ ਬਾਲੀ ਉਮਰੇ ਵੱਡੇਸਾਕੇ ਨੂੰ ਅੰਜਾਮ ਦਿੱਤਾ, ਜਿਸ ਕਰਕੇ ਉਹਨਾ ਨੂੰ ਸਿੱਖ ਸੰਗਤ ਵੱਲੋਂ "ਬਾਬਾ" ਦਾ ਲਕਬ ਵੀ ਦਿੱਤਾ ਗਿਆ , ਜੋ ਉਹਨਾਂ ਦੇ ਨਾਮ ਦੇ ਸ਼ੁਰੂ ਵਿਚਬਹੁਤ ਹੀ ਸਤਿਕਾਰ ਨਾਲ ਲਗਾਇਆ ਜਾਂਦਾ ਹੈ । ਸਾਹਿਬਜ਼ਾਦਿਆਂ ਦੀ ਅਦੁੱਤੀ ਕੁਰਬਾਨੀ ਨੂੰ ਮੁੱਖ ਰੱਖਦਿਆਂ ਉਹਨਾਂ ਦਾ ਨਾਮ ਅਰਦਾਸਵਿਚ ਵੀ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ।

ਈਸਾ ਦੇ ਜਨਮ ਤੇ ਨਵੇਂ ਈਸਵੀ ਸਾਲ ਦੀ ਸ਼ੁਰੂਆਤ ਕਾਰਨ ਹਰ ਸਾਲ ਦਸੰਬਰ ਦਾ ਮਹੀਨਾ ਜਿੱਥੇ ਇਸਾਈ ਮੱਤ ਨੂੰ ਮੰਨਣ ਵਾਲਿਆਂਵਾਸਤੇ ਖ਼ੁਸ਼ੀ ਤੇ ਹੁਲਾਸ ਵਾਲਾ ਹੁੰਦਾ ਤੇ ਇਸ ਪੂਰੇ ਮਹੀਨੇ ਨੂੰ ਈਸਾ ਮਸੀਹ ਦੇ ਜਨਮ ਦੇ ਜਸ਼ਨਾਂ ਵਜੋਂ ਕ੍ਰਿਸਮਿਸ ਦੇ ਰੂਪ ਵਿੱਚ ਮਨਾਇਆਜਾਂਦਾ ਹੈ ਉੱਥੇ ਸਿੱਖਾਂ ਵਾਸਤੇ ਇਹ ਮਹੀਨਾ ਮਾਤਮੀ ਸ਼ਹਾਦਤਾਂ ਨਾਲ ਭਰਪੂਰ ਹੈ । ਹਰ ਸਾਲ ਇਸ ਮਹੀਨੇ ਚਾਰ ਸਾਹਿਬਜ਼ਾਦਿਆਂ ਦੀਲਾਸਾਨੀ ਸ਼ਹਾਦਤ ਨੂੰ ਪੂਰਨ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਜਾਂਦਾ ਹੈ। ਦਸੰਬਰ, 2004 ਵਿਚ ਸਾਹਿਬਜ਼ਾਦਿਆਂ ਦੀ ਪਵਿੱਤਰ ਸ਼ਹੀਦੀਦੀ ਤੀਸਰੀ ਸ਼ਤਾਬਦੀ ਮਨਾਈ ਗਈ ਸੀ । ਇਤਿਹਾਸ ਗਵਾਹ ਹੈ ਕਿ ਦੋ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 22 ਦਸੰਬਰ ਸੰਨ 1704 ਨੂੰਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਦੀ 27 ਦਸੰਬਰ ਸੰਨ 1704 ਨੂੰ ਹੋਈ ਸੀ । ਸ਼ੋ ਇਸ ਮਹੀਨੇ ਨੂੰ ਜਿਥੇ ਇਸਾਈ ਆਪਣੇ ਨਵੇ ਸਾਲ ਦੀਸ਼ੁਰੂਆਤ ਦੇ ਜਸ਼ਨਾ ਵਜੋਂ ਮਨਾਉਦੇ ਹਨ, ਉਥੇ ਸਿੱਖ ਚਾਰ ਸਾਹਬਜਾਦਿਆ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਾਦਰ ਪ੍ਰਨਾਮ ਕਰਨ ਕਰਕੇਆਪਣੀ ਸੱਚੀ ਸ਼ਰਧਾ ਤੇ ਅਕੀਦਤ ਦੇ ਫੁੱਲ ਭੇਂਟ ਕਰਦੇ ਹਨ । ਬੇਸ਼ੱਕ ਤਿੰਨ ਸਦੀਆਂ ਤੋ ਵੱਧ ਦਾ ਸਮਾਂ ਬੀਤ ਗਿਆ ਹੈ, ਪਰ ਹਰ ਸਾਲ ਲੱਖਾਂਸ਼ਰਧਾਲੂ ਸਾਹਿਬਜ਼ਾਦਿਆਂ ਦੀ ਪਵਿੱਤਰ ਯਾਦ ਵਿਚ ਸ਼ਹੀਦੀ ਜੋੜ-ਮੇਲੇ ਬਹੁਤ ਵੱਡੇ ਉਤਸ਼ਾਹ ਤੇ ਸ਼ਰਧਾ ਨਾਲ ਮਨਾਉਂਦੇ ਆ ਰਹੇ ਹਨ। ਸੰਗਤਾਂਲਹੂ-ਭਿੱਜੀਆਂ ਯਾਦਗਾਰਾਂ ਨੂੰ ਪ੍ਰਣਾਮ ਕਰਨ ਲਈ ਅਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸਖ਼ਤ ਸਰਦੀ ਵਿਚ ਚਮਕੌਰ ਸਾਹਿਬ ਤੇਫਤਹਿਗੜ੍ਹ ਸਾਹਿਬ ਪੁੱਜਦੀਆਂ ਹਨ। ਹਰ ਗੁਰੂ ਘਰ ਵਿਚ ਆਖੰਡ ਜਾਪ ਹੁੰਦੇ ਹਨ, ਦੀਵਾਨ ਲਗਦੇ ਹਨ, ਪਵਿੱਤਰ ਸਥਾਨਾਂ ਨੂੰ ਜਾਂਦੀਆਂਸਾਰੀਆਂ ਸੜਕਾਂ 'ਤੇ ਥਾਂ-ਥਾਂ ਲੰਗਰ ਲਗਾਏ ਜਾਂਦੇ ਹਨ । ਕਿਸੇ ਸ਼ਾਇਰ ਦੇ ਹੇਠ ਲਿਖੇ ਬੋਲਾਂ ਅਨੁਸਾਰ ਇਹ ਸਿਲਸਿਲਾ ਰਹਿੰਦੀ ਦੁਨੀਆਤਕ ਨਿਰੰਤਰ ਇਸੇ ਤਰਾਂ ਚੱਲਦਾ ਰਹੇਗਾ :

ਸ਼ਹੀਦੋਂ ਕੀ ਕਤਲਗਾਹ ਸੇ ਕਿਆ ਬੇਹਤਰ ਕਾਬਾ?
ਸ਼ਹੀਦੋਂ ਕੀ ਖ਼ਾਕ ਪੇ ਤੋ ਖ਼ੁਦਾ ਭੀ ਕੁਰਬਾਨ ਹੋਤਾ ਹੈ।

ਸ਼ਾਹਬਜਾਦਿਆਂ ਦੀ ਸ਼ਹਾਦਤ ਨੂੰ ਸਾਦਰ ਪ੍ਰਨਾਮ ਕਰਦੇ ਹੋਏ ਇਸ ਮੌਕੇ 'ਤੇ ਸਾਨੂੰ ਸਭ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਉਹਨਾ ਨਿੱਕੀਆਜਿੰਦਾਂ ਦੇ ਵੱਡੇ ਸਾਕੇ ਤੋ ਪਰੇਰਣਾ ਲੈ ਕੇ ਮਨੁੱਖਤਾ ਦੇ ਭਲੇ ਹਿਤ ਕਾਰਜ ਕਰੀਏ । ਮਨੁੱਖੀ ਹੱਕਾਂ ਦੀ ਰਾਖੀ ਵਾਸਤੇ ਕਮਰ ਕੱਸੇ ਕਰੀਏ । ਧਰਮਕਰਮ ਦੇ ਕਾਰਜਾਂ ਨੂੰ ਸਿਰਫ ਧਰਮ ਕਰਮ ਤੱਕ ਹੀ ਮਹਿਦੂਦ ਰੱਖੀਏ, ਗੁਰੂਦੁਆਰਿਆ ਚ ਧਰਮ ਦੇ ਨਾਮ 'ਤੇ ਸਿਆਸਤ ਦਾ ਗੰਦ ਪਾਉਣ ਤੋਬਾਜ ਆਈਏ । ਗੁਰੂਆ ਦੀਆਂ ਸਿਖਿਆਵਾਂ ਮੁਤਾਬਿਕ ਆਪਣੇ ਜੀਵਨ ਨੂੰ ਢਾਲੀਏ, ਸਾਦਾ ਜੀਵਨ, ਮਨ ਨੀਵਾ ਤੇ ਮਤ ਉਚੀ ਰੱਖੀਏ, ਹਰਇਕ ਦਾ ਬਿਨਾ ਕਿਸੇ ਭਿੰਨ ਭੇਦ ਦੇ ਤਹਿ ਦਿਲੋ ਸਤਿਕਾਰ ਕਰੀਏ । ਇਸ ਤਰਾ ਕਰਨਾ ਤੇ ਇਸ ਤਰਾਂ ਦੇ ਬਣਨਾ ਹੀ ਜਿਥੇ ਸਾਹਿਬਜਾਦਿਆਂ ਨੂੰਸੱਚੀ ਸ਼ਰਧਾਜਲੀ ਹੈ, ਉਥੇ ਗੁਰੂ ਸਾਹਿਬਾਨਾ ਦਾ ਤੇ ਉਹਨਾਂ ਦੀ ਬਾਣੀ ਦਾ ਸੱਚਾ ਅਦਬ ਤੇ ਸਤਿਕਾਰ ਵੀ ਹੈ ।

ਸਾਲ 2022 ਤੋਂ ਭਾਰਤ ਸਰਕਾਰ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਨਤਮਸਤਕ ਹੁੰਦਿਆਂ, ਹਰ ਸਾਲ 26 ਦਸੰਬਰ ਨੂੰ "ਬੀਰ ਬਾਲਦਿਵਸ" ਵਜੋਂ ਪੂਰੇ ਮੁਲਕ ਵਿੱਚ ਮਨਾਉਣ ਦਾ ਐਲਾਨ ਕੀਤਾ ਹੈ ਜੋ ਕਿ ਸਰਕਾਰ ਦਾ ਇਕ ਬਹੁਤ ਚੰਗਾ ਤੇ ਸ਼ਲਾਘਾਯੋਗ ਉੱਦਮ ਹੈ ਜਿਸ ਦਾਭਰਪੂਰ ਸਵਾਗਤ ਕੀਤਾ ਜਾਣਾ ਬਣਦਾ ਹੈ।

ਕਿੰਨਾ ਚੰਗਾ ਹੋਵੇ ਜੇਕਰ ਅਸੀਂ ਸਾਰੇ ਇਸ ਪੁਰਬ 'ਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਆਪਣੀ ਸੱਚੀ ਸ਼ਰਧਾ ਦੱ ਫੁੱਲ ਭੇਂਟ ਕਰਨ ਲਈ ਆਪਣੇ ਵਿਰਸੇ ਉੱਤੇ ਝਾਤ ਮਾਰੀਏ, ਅਗਲੀਆਂ ਪੀੜ੍ਹੀਆਂ ਨੂੰ ਵਿਰਸੇ ਨਾਲ ਜੋੜੀਏ ਤੇ ਖ਼ੁਦ ਆਪ, ਆਪਣੇ ਗੁਰੂਆਂ ਤੇ ਮਹਾਂਪੁਰਖਾਂ ਦੇ ਸੰਦੇਸ਼ਾਂ ਨੂੰ ਅਮਲੀ ਜਾਮਾ ਪਹਿਨਾਈਏ । ਮੇਰੀ ਜਾਚੇ ਅੱਜ ਦੇ ਸਮੇਂ ਵਿਚ ਇਸ ਤਰਾਂ ਕਰਨ ਨਾਲ ਹੀ ਇਹਨਾਂ ਮਹਾਨ ਪੁਰਬਾਂ ਦੀ ਸਾਰਥਿਕਤਾ ਬਣੀ ਰਹਿ ਸਕਦੀ ਹੈ ਤੇ ਤੇ ਇਸ ਪ੍ਰਵਾਹ ਨੂੰ ਨਿਰੰਤਰ ਅਗਲੀਆਂ ਪੀੜ੍ਹੀਆਂ ਤੱਕ ਪੀੜ੍ਹੀ ਦਰ ਪੀੜ੍ਹੀ ਜਾਰੀ ਰੱਖਿਆ ਜਾ ਸਕਦਾ ਹੈ।

# '3,000 ਡਾਲਰ ਲਓ ਤੇ ਅਮਰੀਕਾ ਤੋਂ ਜਾਓ...'

## ਕ੍ਰਿਸਮਸ 'ਤੇ ਟਰੰਪ ਦਾ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਆਫਰ

ਅਮਰੀਕਾ ਵਿੱਚ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਕ੍ਰਿਸਮਸ 'ਤੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਛੱਡਣ ਲਈ ਇੱਕ ਆਫਰ ਦਿੱਤਾ ਹੈ। ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਨੂੰ ਲੈ ਕੇ ਅਮਰੀਕਾ ਦ ਹੋਮਲੈਂਡ ਸੁਰੱਖਿਆ ਵਿਭਾਗ ਇਹ ਆਫਰ ਲੈ ਕੇ ਆਇਆ ਹੈ। ਇਸ ਦੇ ਤਹਿਤ ਕੋਈ ਗੈਰ-ਕਾਨੂੰਨੀ ਇਸ ਸਾਲ ਦੇ ਅਖੀਰ ਤੱਕ ਖੁਦ ਅਮਰੀਕਾ ਛੱਡਣ ਲਈ ਰਾਜੀ ਹੁੰਦਾ ਹੈ ਤਾਂ ਉਸ ਨੂੰ 3,000 ਡਾਲਰ (ਕਰੀਬ 2,70,738) ਦਿੱਤੇ ਜਾਣਗੇ, ਨਾਲ ਹੀ ਉਨ੍ਹਾਂ ਦੇ ਟਿਕਟ ਦ ਖਰਚਾ ਵੀ ਅਮਰੀਕੀ ਸਰਕਾਰ ਚੁੱਕੇਗੀ। ਵਿਭਾਗ ਨੇ ਇੱਕ ਬਿਆਨ ਜਾਰੀ ਕੀਤਾ, "ਸਾਲ ਦੇ ਅਖੀਰ ਤੱਕ ਛਭਫ (ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ) ਹੋਮ ਐਪ 'ਤੇ ਖੁਦ ਨੂੰ ਦੇਸ਼ ਨਿਕਾਲੇ ਲਈ ਰਜਿਸਟਰ ਕਰਨ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਇੱਕ ਮੁਫਤ ਵਾਪਸੀ ਟਿਕਟ ਅਤੇ 3,000 ਡਾਲਰ ਦਾ ਸਟਾਈਪੈਂਡ ਵੀ ਦਿੱਤਾ ਜਾਵੇਗਾ। ਇਸ ਐਪ ਰਾਹੀਂ ਰਜਿਸਟਰ ਕਰਨ ਵਾਲਿਆਂ ਵਿਚੋਂ ਜੇ ਕੋਈ ਦੇਸ਼ ਨਹੀਂ ਛੱਡ ਪਾਉਂਦਾ ਹੈ ਤਾਂ ਉਨ੍ਹਾਂ ਨੂੰ ਸਜਾ ਜਾਂ ਜੁਰਮਾਨੇ ਵਿਚ ਮਾਫੀ ਦਿੱਤੀ ਜਾਵਗੀ।' ਟਰੰਪ



ਪ੍ਰਸ਼ਾਸਨ ਨੇ ਮਈ ਵਿੱਚ ਇਸੇ ਤਰ੍ਹਾਂ ਦੇ ਸਟਾਈਪੈਂਡ ਦਾ ਐਲਾਨ ਕੀਤਾ ਸੀ। ਇਹ ਕਦਮ ਦੇਸ਼ ਨਿਕਾਲੇ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਚੁੱਕਿਆ ਗਿਆ ਸੀ। DHS ਦੇ ਬਿਆਨ ਵਿੱਚ ਅੱਗੇ ਕਿਹਾ ਗਿਆ ਹੈ, "CBP Home ਐਪ ਰਾਹੀਂ ਸਵੈ-ਦੇਸ਼ ਨਿਕਾਲਾ ਸਭ ਤੋਂ ਵਧੀਆ ਤੋਹਫ਼ਾ ਹੈ ਜੋ ਇੱਕ ਗੈਰ-ਕਾਨੂੰਨੀ ਪ੍ਰਵਾਸੀ ਇਸ ਛੁੱਟੀਆਂ ਦੇ ਸੀਜ਼ਨ ਵਿੱਚ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰਾਂ ਨੂੰ ਦੇ ਸਕਦਾ ਹੈ। ਇਹ ਇੱਕ ਤੇਜ਼, ਮੁਫ਼ਤ ਅਤੇ ਆਸਾਨ ਪ੍ਰਕਿਰਿਆ ਹੈ। ਬਸ ਐਪ ਨੂੰ ਡਾਊਨਲੋਡ ਕਰੋ, ਆਪਣੀ ਜਾਣਕਾਰੀ ਭਰੋ ਅਤੇ ਧੁਸ਼ ਬਾਕੀ ਕੰਮ ਸੰਭਾਲ ਲਵੇਗਾ। DHS ਤੁਹਾਡੀ ਘਰ ਵਾਪਸੀ ਦੀ ਯਾਤਰਾ ਦਾ ਪ੍ਰਬੰਧ ਕਰੇਗਾ ਅਤੇ ਤੁਹਾਡੀਆਂ ਟਿਕਟਾਂ ਦਾ ਭੁਗਤਾਨ ਕਰੇਗਾ।" ਇਸ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਗੈਰ-ਕਾਨੂੰਨੀ ਪ੍ਰਵਾਸੀ ਜੋ ਇਸ ਵਿਸ਼ੇਸ਼ ਆਫਰ ਦਾ ਫਾਇਦਾ ਨਹੀਂ ਉਠਾਉਂਦੇ ਹਨ, ਉਨ੍ਹਾਂ ਕੋਲ ਸਿਰਫ਼ ਇੱਕ ਬਦਲ ਹੈ: ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ, ਦੇਸ਼ ਨਿਕਾਲਾ ਦਿੱਤਾ ਜਾਵੇਗਾ ਅਤੇ ਕਦੇ ਵੀ ਸੰਯੁਕਤ ਰਾਜ ਵਾਪਸ ਨਹੀਂ ਆ ਸਕਣਗੇ।

## ਅਮਰ ਨੂਰੀ ਨੂੰ ਧਮਕੀ ਦੇਣ ਦੇ ਮਾਮਲੇ 'ਚ ਵੱਡਾ ਐਕਸ਼ਨ

# ਖੰਨਾ ਪੁਲਿਸ ਨੇ 3 ਲੋਕਾਂ ਨੂੰ ਕੀਤਾ ਰਾਊਂਡਅਪ

ਪੰਜਾਬੀ ਗਾਇਕਾ ਅਤੇ ਅਦਾਕਾਰਾ ਅਮਰ ਨੂਰੀ ਨੂੰ ਇੱਕ ਧਮਕੀ ਮਿਲਣ ਦੇ ਮਾਮਲੇ ਵਿਚ ਖੰਨਾ ਪੁਲਿਸ ਨੇ ਤਿੰਨ ਲੋਕਾਂ ਨੂੰ





ਰਾਊਂਡਅਪ ਕੀਤਾ ਹੈ। ਰਾਊਂਡਅਪ ਕੀਤੇ ਲੋਕਾਂ ਵਿਚ ਇੱਕ ਮਹਿਲਾ ਵੀ ਸ਼ਾਮਲ ਹੈ। ਧਮਕੀ ਵਾਲਾ ਫੋਨ ਕਰਨ ਵਾਲੇ ਨੇ ਖੁਦ ਨੂੰ ਇੰਸਪੈਕਟਰ ਗੁਰਮੀਤ ਸਿੰਘ ਦੱਸਦੇ ਹੋਏ ਅਮਰ ਨੂਰੀ ਨੂੰ ਧਮਕਾਇਆ। ਦੋਸ਼ੀ ਨੇ ਕਿਹਾ ਕਿ ਉਨ੍ਹਾਂ ਦ ਬੇਟਾ, ਜੋ ਸੰਗੀਤ ਤੇ ਗਾਣੇ ਦਾ ਕੰਮ ਕਰਦਾ ਹੈ, ਉਹ ਗਾਣਾ ਬੰਦ ਕਰ ਦੇਵੇ, ਨਹੀਂ ਤਾਂ ਅੰਜਾਮ ਬੁਰਾ ਹੋਵੇਗਾ।

ਡੀਐਸਪੀ ਮੋਹਿਤ ਸਿੰਗਲਾ ਨੇ ਦੱਸਿਆ ਕਿ ਹੁਣ ਤੱਕ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਧਮਕੀਆਂ ਦੇ ਪਿੱਛੇ ਅਸਲ ਦੋਸ਼ੀਆਂ ਦਾ ਪਤਾ ਲਗਾਉਣ ਲਈ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਗਾਇਕਾ ਦੀ ਸੁਰੱਖਿਆ ਵੀ ਵਧਾ ਦਿੱਤੀ ਗਈ ਹੈ।

ਇਹ ਧਮਕੀ ਅਮਰ ਨੂਰੀ ਦੇ ਪੁੱਤਰ ਨੂੰ ਸੰਗੀਤ ਤੇ ਗਾਣੇ ਦਾ ਕੰਮ ਬੰਦ ਨਾ ਕਰਨ 'ਤੇ ਗੰਭੀਰ ਨਤੀਜੇ ਭੁਗਤਣ ਦੇ ਚਿਤਾਵਨੀ ਦੇ ਨਾਲ ਦਿੱਤੀ ਗਈ ਹੈ। ਰਿਪੋਰਟਾਂ ਮੁਤਾਬਕ 20 ਦਸੰਬਰ ਨੂੰ ਇੱਕ ਅਣਪਛਾਤੇ ਵਿਅਕਤੀ ਨੇ ਵ੍ਹਾਟਸਐਪ ਕਾਲ ਰਾਹੀਂ ਅਮਰ ਨੂਰੀ ਨੂੰ ਧਮਕੀ ਦਿੱਤੀ। ਧਮਕੀ ਮਿਲਣ ਤੋਂ ਬਾਅਦ ਨੂਰੀ ਦਾ ਪਰਿਵਾਰ ਘਬਰਾ ਗਿਆ। ਧਮਕੀ ਭਰੀ ਕਾਲ ਆਉਣ ਮਗਰੋਂ ਅਮਰ ਨੂਰੀ ਅਤੇ ਉਸਦਾ ਪਰਿਵਾਰ ਬਹੁਤ ਡਰ ਗਏ। ਉਨ੍ਹਾਂ ਨੇ ਇੱਕ ਦਿਨ ਬਾਅਦ ਪੁਲਿਸ ਨਾਲ ਸੰਪਰਕ ਕੀਤਾ ਅਤੇ ਇੱਕ ਲਿਖਤੀ ਸ਼ਿਕਾਇਤ ਦਰਜ ਕਰਵਾਈ। ਡੀਐਸਪੀ ਮੋਹਿਤ ਸਿੰਗਲਾ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ। ਪੁਲਿਸ ਕਾਲ ਨਾਲ ਸਬੰਧਤ ਸਾਰੇ ਤੱਥਾਂ ਅਤੇ ਤਕਨੀਕੀ ਸਬੂਤਾਂ ਦੀ ਵੀ ਜਾਂਚ ਕਰ ਰਹੀ ਹੈ।ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲਿਸ ਨੇ ਅਮਰ ਨੂਰੀ ਨੂੰ ਸੁਰੱਖਿਆ ਪ੍ਰਦਾਨ ਕੀਤੀ ਹੈ। ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਉਨ੍ਹਾਂ ਦੇ ਘਰ ਅਤੇ ਆਲੇ-ਦੁਆਲੇ ਪੁਲਿਸ ਨਿਗਰਾਨੀ ਰੱਖੀ ਜਾ ਰਹੀ ਹੈ।

## ਹੁਣ ਸਾਰੀਆਂ ਭਾਸ਼ਾਵਾਂ ਦੀਆਂ ਕਿਤਾਬਾਂ 'ਚ ਹੋਵੇਗਾ 'ਊੜਾ-ਐੜਾ'

ਮਾਂ ਬੋਲੀ ਪੰਜਾਬੀ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਦੇ ਸਿੱਖਿਆ ਵਿਭਾਗ ਨੇ ਵੱਡਾ ਫੈਸਲਾ ਲਿਆ ਹੈ। ਹੁਣ ਸਾਰੀਆਂ ਭਾਸ਼ਾਵਾਂ ਦੀਆਂ ਕਿਤਾਬਾਂ 'ਚ ਇੱਰ ਪੇਜ ਗੁਰਮੁੱਖੀ 'ਚ ਵਰਣਮਾਲਾ ਨੂੰ ਸਮਰਪਿਤ ਹੋਵੇਗਾ। ਇਹ ਫੈਸਲਾ ਸਾਰੇ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਤੇ ਪ੍ਰਾਈਵੇਟ ਸਕੂਲਾਂ 'ਚ ਲਾਗੂ ਹੋਵੇਗਾ। ਆਉਣ ਵਾਲੇ ਅਕਾਦਮਿਕ ਸੈਸ਼ਨ ਤੋਂ ਸਾਰੀਆਂ ਪੁਸਤਕਾਂ 'ਚ 'ਊੜੇ-ਐੜੇ' ਦ ਇੱਕ ਪੰਨਾ ਮਿਲੇਗਾ।



ਆਉਣ ਵਾਲੇ ਅਕਾਦਮਿਕ ਸੈਸ਼ਨ ਤੋਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੀਆਂ ਸਾਰੀਆਂ ਭਾਸ਼ਾਵਾਂ ਦੀਆਂ ਪਾਠ-ਪੁਸਤਕਾਂ ਵਿੱਚ ਗੁਰਮੁਖੀ ਲਿਪੀ ਵਿੱਚ ਵਰਣਮਾਲਾਵਾਂ ਬਾਰੇ ਇੱਕ ਪੰਨਾ ਹੋਵੇਗਾ। ਸਿੱਖਿਆ ਵਿਭਾਗ ਵੱਲੋਂ ਲਏ ਗਏ ਇਸ ਫੈਸਲੇ ਦਾ ਉਦੇਸ਼ ਸਾਰੇ ਸਕੂਲਾਂ ਵਿੱਚ ਪਹਿਲੀ ਤੋਂ ਬਾਰ੍ਹਵੀਂ ਜਮਾਤ ਤੱਕ ਦਾਖਲ ਹੋਏ ਲਗਭਗ 60 ਲੱਖ ਵਿਦਿਆਰਥੀਆਂ ਨੂੰ ਕਵਰ ਕਰਦੇ ਹੋਏ ਗੁਰਮੁਖੀ ਲਿਪੀ ਵਿੱਚ ਪੜ੍ਹਨ ਦੇ ਹੁਨਰ ਨੂੰ ਬਿਹਤਰ ਬਣਾਉਣਾ ਹੈ।

ਦੱਸ ਦੇਈਏ ਕਿ ਇਸ ਸਾਲ ਦੀ ਪ੍ਰਥਮ (ਸਿੱਖਿਆ ਦੀ ਸਾਲਾਨਾ ਸਥਿਤੀ ਰਿਪੋਰਟ) ਦੀ ਰਿਪੋਰਟ ਵੇਖਿਆ ਗਿਆ ਕਿ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੋਵਾਂ ਦੇ ਤੀਜੀ ਜਮਾਤ ਦੇ ਲਗਭਗ 15 ਫੀਸਦੀ ਬੱਚੇ ਹੀ ਗੁਰਮੁਖੀ ਲਿਪੀ ਵਿੱਚ ਵਰਣਮਾਲਾ ਪੜ੍ਹ ਸਕਦੇ ਸਨ ਪਰ ਸ਼ਬਦ ਨਹੀਂ, ਅਤੇ 4.6 ਫੀਸਦੀ ਵਿਦਿਆਰਥੀ ਪੰਜਾਬੀ ਅੱਖਰ ਵੀ ਨਹੀਂ ਪੜ੍ਹ ਸਕਦੇ ਸਨ। ਪੰਜਾਬ ਦੇ ਪਿੰਡਾਂ ਵਿੱਚ ਬੱਚਿਆਂ ਦੇ ਸਿੱਖਣ ਦੇ ਪੱਧਰਾਂ ਬਾਰੇ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਤੀਜੀ ਜਮਾਤ ਦੇ 28 ਫੀਸਦੀ ਵਿਦਿਆਰਥੀ ਪਹਿਲੀ ਜਮਾਤ ਦੇ ਪੱਧਰ ਦਾ ਪਾਠ ਪੜ੍ਹ ਸਕਦੇ ਹਨ, ਜਦੋਂ ਕਿ ਉਨ੍ਹਾਂ ਵਿੱਚੋਂ ਸਿਰਫ਼ 34 ਫੀਸਦੀ ਹੀ ਦੂਜੀ ਜਮਾਤ ਦੇ ਪੱਧਰ ਦਾ ਪਾਠ ਪੜ੍ਹ ਸਕਦੇ ਸਨ।

# ਨਗਰ ਕੀਰਤਨ ਰੋਕੇ ਜਾਣ ਵਾਲੀ ਘਟਨਾ 'ਤੇ ਬੋਲੇ ਨਿਊਜ਼ੀਲੈਂਡ ਦੇ MP

## 'ਹਰ ਵਿਅਕਤੀ ਨੂੰ ਆਪਣੇ ਧਰਮ ਨੂੰ ਮੰਨਣ ਦਾ ਹੱਕ ਹੈ'

ਨਿਊਜ਼ੀਲੈਂਡ ਵਿਚ ਸਿੱਖਾਂ ਦੇ ਨਗਰ ਕੀਰਤਨ ਦਾ ਰਸਤਾ ਰੋਕੇ ਜਾਣ ਦੇ ਬਾਅਦ ਤੋਂ ਪੰਜਾਬ 'ਚ ਇਸ ਦਾ ਵਿਰੋਧ ਹੋ ਰਿਹਾ ਹੈ। ਜਿਸ ਦੇ ਬਾਅਦ ਨਗਰ ਕੀਰਤਨ ਦਾ ਵਿਰੋਧ ਕੀਤੇ ਜਾਣ 'ਤੇ ਨਿਊਜ਼ੀਲੈਂਡ ਦੇ ਫ ਰੀਮਾ ਨਖਲੇ ਤੇ ਕੌਂਸਲਰ ਧਉਨਿਲ 'ਾਮਉਨ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਇਸ ਪੂਰੀ ਘਟਨਾ ਨੂੰ ਮੰਦਭਾਗਾ ਦੱਸਿਆ ਕੇ ਇਸ ਦੀ ਆਲੋਚਨਾ ਕੀਤੀ। ਧਉਨਿਲ 'ਾਮਉਨ ਨੇ ਕਿਹਾ ਕਿ ਹਰ



ਵਿਅਕਤੀ ਨੂੰ ਆਪਣੇ ਧਰਮ ਨੂੰ ਮੰਨਣ ਦਾ ਹੱਕ ਹੈ। ਮੈਂ ਅਗਲੇ ਸਾਲ ਨਗਰ ਕੀਰਤਨ 'ਚ ਸ਼ਾਮਿਲ ਹੋਵਾਂਗਾ।

ਦੱਸ ਦੇਈਏ ਕਿ ਸ਼ਨੀਵਾਰ ਨੂੰ ਨਿਊਜ਼ੀਲੈਂਡ ਦੇ ਸਾਊਥ ਆਕਲੈਂਡ ਵਿਚ ਨਗਰ ਕੀਰਤਨ ਦਾ ਵਿਰੋਧਕੀਤਾ ਗਿਆ। ਲੋਕਲ ਲੋਕਾਂ ਨੇ ਨਗਰ ਕੀਰਤਨ ਨੂੰ ਗੁਰਦੁਆਰੇ ਜਾਣ ਤੋਂ ਰੋਕ ਦਿੱਤਾ। ਉਨ੍ਹਾਂ ਵੱਲੋਂ ਹੱਥਾਂ ਵਿਚ ਪੋਸਟਰ ਫੜੇ ਹੋਏ ਸਨ ਤੇ ਕਿਹਾ ਜਾ ਰਿਹਾ ਸੀ ਕਿ ਇਹ ਨਿਊਜ਼ੀਲੈਂਡ ਹੈ, ਭਾਰਤ ਨਹੀਂ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਬਾਦਲ ਨੇ ਕਿਹਾ ਕਿ ਹਰ ਧਰਮ ਨੂੰ ਆਪਣੇ ਧਾਰਮਿਕ ਸਮਾਗਮ ਮਨਾਉਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਪੰਜਾਬੀ ਧੱਕੇ ਨਾਲ ਨਹੀਂ ਸਗੋਂ ਸਰਕਾਰ ਵੱਲੋਂ ਨਾਗਰਿਕਤਾ ਮਿਲਣ 'ਤੇ ਨਿਊਜ਼ੀਲੈਂਡ ਗਏ ਹਨ। ਜੇ ਪੰਜਾਬੀ 'ਾ ਗ਼ਇਓਲਓਨਦ ਨਾ ਜਾਂਦੇ ਤਾਂ ਉਨ੍ਹਾਂ ਦੇ ਖੇਤਾਂ ਨੂੰ ਕੌਣ ਸੰਭਾਲਦਾ? ਜੇ ਸਿਟੀਜ਼ਨਸ਼ਿਪ ਦਿੱਤੀ ਹੈ ਤਾਂ ਉਨ੍ਹਾਂ ਨੂੰ ਪ੍ਰੋਟੈਕਸ਼ਨ ਦੇਣਾ ਵੀ ਸਰਕਾਰ ਦਾ ਫਰਜ਼ ਹੈ।

# ਤੁਰਕੀ 'ਚ ਉਡਾਣ ਭਰਨ ਦੇ ਕੁਝ ਮਿੰਟਾਂ ਬਾਅਦ ਪਲੇਨ ਹੋਇਆ ਕ੍ਰੈਸ਼

## ਫੌਜ ਦੇ ਮੁਖੀ ਸਣੇ 7 ਲੋਕਾਂ ਦੀ ਗਈ ਜਾਨ

ਤੁਰਕੀ ਦੀ ਰਾਜਧਾਨੀ ਅੰਕਾਰਾ ਵਿਚ ਮੰਗਲਵਾਰ ਦੇਰ ਰਾਤ ਉਡਾਣ ਭਰਨ ਦੇ ਕੁਝ ਦੇਰ ਬਾਅਦ ਨਿੱਜੀ ਜੈੱਟ ਪਲੇਨ ਕ੍ਰੈਸ਼ ਹੋ ਗਿਆ। ਹਾਦਸੇ ਵਿਚ ਲੀਬੀਆ ਦੇ ਫੌਜ ਮੁਕੀ ਜਨਰਲ ਮੁਹੰਮਦ ਅਲੀ ਅਹਿਮਦ ਅਲ ਹਦਾਦ ਸਣੇ ਕੁੱਲ 7 ਲੋਕਾਂ ਦੀ ਮੌਤ ਹੋ ਗਈ।

ਲੀਬੀਆ ਅਧਿਕਾਰੀਆਂ ਮੁਤਾਬਕ ਜਹਾਜ਼ ਵਿਚ ਟੇਕਆਫ ਦੇ 30 ਮਿੰਟ ਬਾਅਦ ਹੀ ਤਕਨੀਕੀ ਖਰਾਬੀ ਆ ਗਈ ਸੀ ਜਿਸ ਕਰਕੇ ਹਾਦਸਾ ਵਾਪਰਿਆ। ਇਹ ਲੀਬੀਆਈ ਫੌਜ ਪ੍ਰਤੀਨਿਧੀ ਮੰਡਲ ਅੰਕਾਰਾ ਵਿਚ ਤੁਰਕੀ ਦੇ ਨਾਲ ਰੱਖਿਆ ਸਹਿਯੋਗ ਵਧਾਉਣ ਨੂੰ ਲੈ ਕੇ ਉੱਚ ਪੱਧਰੀ ਗੱਲਬਾਤ ਲਈ ਆਇਆ ਸੀ ਤੇ ਵਾਪਸ ਲੀਬੀਆ ਪਰਤ ਰਿਹਾ ਸੀ।

ਹਾਦਸੇ ਵਿਚ ਮਰਨ ਵਾਲਿਆਂ ਵਿਚ ਲੀਬੀਆ ਦੇ ਥਲ ਫੌਜ ਮੁਖੀ ਜਨਰਲ ਅਲ ਫਿਤੂਰੀ ਘ੍ਰੈਬਿਲ, ਬ੍ਰਿਗੇਡੀਅਰ ਜਨਰਲ ਮਹਿਮੂਦ ਅਲ ਕਤਾਵੀ, ਚੀਫ ਆਫ ਸਟਾਫ ਦੇ ਸਲਾਹਕਾਰ ਮੁਹੰਮਦ ਅਲ ਅਸਾਵੀ ਦਿਆਬ, ਫੌਜ ਫੋਟੋਗ੍ਰਾਫਰ ਮੁਹੰਮਦ ਓਮਰ ਮਹਿਮੂਦ ਮਹਿਜ਼ੂਬ ਤੇ 3 ਕਰੂ ਮੈਂਬਰ ਸ਼ਾਮਲ ਹਨ। ਲੀਬੀਆ ਦੇ ਪ੍ਰਧਾਨ ਮੰਤਰੀ ਅਬਦੁਲ ਹਾਮਿਦ ਦਬੈਬਾ ਨੇ ਬਿਆਨ ਜਾਰੀ ਕਰਕੇ ਜਨਰਲ ਅਲ



ਹਦਾਦ ਤੇ ਹੋਰ ਅਧਿਕਾਰੀਆਂ ਦੀ ਮੌਤ ਦੀ ਪੁਸ਼ਟੀ ਕੀਤੀ ਤੇ ਇਸ ਨੂੰ ਦੇਸ਼ ਲਈ ਵੱਡਾ ਨੁਕਸਾਨ ਦੱਸਿਆ। ਤੁਰਕੀ ਦੇ ਗ੍ਰਹਿ ਮੰਤਰੀ ਅਲੀ ਯਰਲੀਕਾਯਾ ਮੁਤਾਬਕ ਜਹਾਜ਼ ਸਥਾਨਕ ਸਮੇਂ ਮੁਤਾਬਕ ਰਾਤ ਲਗਭਗ 8 ਵਜੇ ਅੰਕਾਰਾ ਦੇ ਏਸਨਬੋਗਾ ਏਅਰਪੋਰਟ ਤੋਂ ਉਡਿਆ ਸੀ ਤੇ ਕੁਝ ਦੇਰ ਬਾਅਦ ਸੰਪਰਕ ਟੁੱਟ ਗਿਆ। ਜਹਾਜ਼ ਨੇ ਹਾਯਮਾਨਾ ਇਲਾਕੇ ਦੇ ਕੋਲ ਐਮਰਜੈਂਸੀ ਲੈਂਡਿੰਗ ਦਾ ਸੰਕੇਤ ਭੇਜਿਆ ਸੀ ਪਰ ਇਸ ਦੇ ਬਾਅਦ ਕੋਈ ਸੰਪਰਕ ਨਹੀਂ ਹੋ ਸਕਿਆ।

ਸਥਾਨਕ ਟੀਵੀ ਚੈਨਲਾਂ 'ਤੇ ਜਾਰੀ ਸੀਸੀਟੀਵੀ ਫੁਟੇਜ ਵਿਚ ਰਾਤ ਦੇ ਆਸਮਾਨ ਵਿਚ ਤੇਜ਼ ਰੌਸ਼ਨੀ ਤੇ ਧਮਾਕੇ ਵਰਗਾ ਦ੍ਰਿਸ਼ ਦਿਖਿਆ। ਜਹਾਜ਼ ਦਾ ਮਲਬਾ ਅੰਕਾਰਾ ਤੋਂ ਲਗਭਗ 70 ਕਿਲੋਮੀਟਰ ਦੱਖਣ ਹਾਯਮਾਨਾ ਜ਼ਿਲ੍ਹੇ ਦੇ ਇਕ ਪਿੰਡ ਕੋਲ ਮਿਲਿਆ।ਹਾਦਸੇ ਦੇ ਬਾਅਦ ਅੰਕਾਰਾ ਏਅਰਪੋਰਟ ਨੂੰ ਅਸਥਾਈ ਤੌਰ ਤੋਂ ਬੰਦ ਕਰ ਦਿੱਤਾ ਗਿਆ ਤੇ ਕਈ ਉਡਾਣਾਂ ਨੂੰ ਦੂਜੇ ਏਅਰਪੋਰਟ 'ਤੇ ਭੇਜਿਆ ਗਿਆ। ਤੁਰਕੀ ਦੇ ਨਿਆਂ ਮੰਤਰਾਲੇ ਨੇ ਹਾਦਸੇ ਦੀ ਜਾਂਚ ਲਈ 4 ਅਧਿਕਾਰੀਆਂ ਦੀ ਨਿਯੁਕਤੀ ਕੀਤੀ ਹੈ ਤੇ ਨਾਲ ਹੀ ਲੀਬੀਆ ਸਰਕਾਰ ਨੇ ਜਾਂਚ ਵਿਚ ਸਹਿਯੋਗ ਲਈ ਆਪਣੀ ਟੀਮ ਅੰਕਾਰਾ ਭੇਜਣ ਦਾ ਫੈਸਲਾ ਕੀਤਾ ਹੈ।

# ਏਆਈ ਨਾਲ ਰਾਜਾ ਚਾਰਲਜ਼ ਦੀ ਨਕਲੀ ਵੀਡੀਓ ਫੈਲੀ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਬਰਤਾਨੀਆ ਦੇ ਰਾਜਾ ਚਾਰਲਜ਼ ਨਾਲ ਸੰਬੰਧਤ ਸੋਸ਼ਲ ਮੀਡੀਆ 'ਤੇ ਫੈਲ ਰਹੀਆਂ ਕੁਝ ਵੀਡੀਓਆਂ ਨੂੰ ਨਕਲੀ ਕਰਾਰ ਦਿੱਤਾ ਗਿਆ ਹੈ। ਇਨ੍ਹਾਂ ਵੀਡੀਓਆਂ ਵਿੱਚ ਰਾਜਾ ਚਾਰਲਜ਼ ਨੂੰ ਕਥਿਤ ਤੌਰ 'ਤੇ ਦੇਸ਼ ਦੀ "ਰਾਜਨੀਤਕ ਅਸਥਿਰਤਾ" ਬਾਰੇ ਗੱਲ ਕਰਦਿਆਂ ਦਿਖਾਇਆ ਗਿਆ, ਪਰ ਜਾਂਚ ਦੌਰਾਨ ਸਪੱਸ਼ਟ ਹੋਇਆ ਕਿ ਇਹ ਸਮੱਗਰੀ ਕ੍ਰਿਤ੍ਰਿਮ ਬੁੱਧੀ (ਏਆਈ) ਦੀ ਮਦਦ ਨਾਲ ਤਿਆਰ ਕੀਤੀ ਗਈ ਹੈ। ਮੀਡੀਆ ਰਿਪੋਰਟਾਂ ਅਨੁਸਾਰ, ਇਨ੍ਹਾਂ ਭਰਮਕ ਵੀਡੀਓਆਂ ਵਿੱਚ ਅਸਲ ਸ਼ਾਹੀ ਫੁਟੇਜ ਨੂੰ ਪੂਰੀ ਤਰ੍ਹਾਂ ਕਲਪਨਾਤਮਕ ਸਰਕਾਰੀ ਐਲਾਨਾਂ ਨਾਲ ਜੋੜ ਕੇ ਪੇਸ਼ ਕੀਤਾ ਗਿਆ, ਜਿਸ ਨਾਲ ਦਰਸ਼ਕਾਂ ਵਿੱਚ ਭਰਮ ਪੈਦਾ ਹੋਇਆ। ਬਕਿੰਘਮ ਪੈਲੇਸ ਦੇ ਸੂਤਰਾਂ ਨੇ ਅਜਿਹੀਆਂ ਵੀਡੀਓਆਂ ਨੂੰ ਬੇਬੁਨਿਆਦ ਦੱਸਦਿਆਂ ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਏਆਈ ਤਕਨਾਲੋਜੀ ਨਾਲ ਬਣ ਰਹੀ ਨਕਲੀ ਸਮੱਗਰੀ ਲੋਕਤੰਤਰਕ ਪ੍ਰਕਿਰਿਆਵਾਂ ਅਤੇ ਜਨਤਕ ਭਰੋਸੇ ਲਈ ਗੰਭੀਰ ਚੁਣੌਤੀ ਬਣ ਰਹੀ ਹੈ। ਸਰਕਾਰ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਅਜਿਹੀ ਗਲਤ ਜਾਣਕਾਰੀ ਨੂੰ ਰੋਕਣ ਲਈ ਕੜੇ ਕਦਮ ਚੁੱਕੇ ਜਾਣ।

# ਅਮਰੀਕਾ ਦੁਆਰਾ ਵੀਜ਼ਾ ਪ੍ਰਾਸੈਸਿੰਗ ਦੀ ਮੱਧਮ ਰਫਤਾਰ ਕਾਰਨ ਗੂੱਗਲ ਦੀ ਮੁਲਾਜ਼ਮਾਂ ਨੂੰ ਚਿਤਾਵਨੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਗੂੱਗਲ ਨੇ ਚਿਤਾਵਨੀ ਦਿੱਤੀ ਹੈ ਕਿ ਵਿਦੇਸ਼ੀ ਮੁਲਾਜ਼ਮ ਅਮਰੀਕਾ ਤੋਂ ਬਾਹਰ ਨਾ ਜਾਣ ਕਿਉਂਕਿ ਅਮਰੀਕੀ ਅੰਬੈਸੀਆਂ ਤੇ ਕੌਂਸਲਖਾਨਿਆਂ ਵਿੱਚ ਵੀਜ਼ਾ ਪ੍ਰਾਸੈਸਿੰਗ ਦੀ ਰਫਤਾਰ ਬਹੁਤ ਮੱਧਮ ਹੈ ਤੇ ਕੁਝ ਮਾਮਲਿਆਂ ਵਿੱਚ 12 ਮਹੀਨਿਆਂ ਤੱਕ ਦੇਰੀ ਹੋ ਸਕਦੀ ਹੈ। ਆਪਣੇ ਸਟਾਫ ਨੂੰ ਭੇਜੀ ਇੱਕ ਈ ਮੇਲ ਵਿੱਚ ਗੂੱਗਲ ਦੀ ਵਿਦੇਸ਼ੀ ਇਮੀਗ੍ਰੇਸ਼ਨ ਲਾਅ ਫਰਮ ਨੇ ਜਿਨਾਂ ਮੁਲਾਜ਼ਮਾਂ ਨੂੰ ਅਮਰੀਕਾ ਵਾਪਿਸ ਆਉਣ ਲਈ ਵੀਜ਼ਾ ਮੋਹਰ ਲਵਾਉਣ ਦੀ ਲੋੜ ਹੈ, ਨੂੰ ਸੁਚੇਤ ਕੀਤਾ ਹੈ ਕਿ ਭਾਰੀ ਬਕਾਇਆ ਮਾਮਲਿਆਂ ਕਾਰਨ ਕੌਮਾਂਤਰੀ ਯਾਤਰਾ ਉਨਾਂ ਨੂੰ ਕਈ ਮਹੀਨੇ ਬਾਹਰ ਫਸੇ ਰਹਿਣ ਲਈ ਮਜਬੂਰ ਕਰ ਸਕਦੀ ਹੈ। ਗੂੱਗਲ ਨੇ ਸੰਬਧਿਤ ਮੁਲਾਜ਼ਮਾਂ ਨੂੰ ਕਿਹਾ ਹੈ ਕਿ ਉਹ ਗੈਰ ਜਰੂਰੀ ਯਾਤਰਾ ਟਾਲ ਦੇਣ ਤੇ ਅਮਰੀਕਾ ਵਿੱਚ ਹੀ ਟਿਕੇ ਰਹਿਣ। ਅਨੇਕਾਂ ਦੇਸ਼ਾਂ ਵਿੱਚ ਵੀਜ਼ੇ ਜਾਰੀ ਕਰਨ ਵਿੱਚ ਦੇਰੀ ਹੋ ਰਹੀ ਹੈ ਕਿਉਂਕਿ ਯੂ ਐਸ ਡਿਪਲੋਮੈਟਿਕ ਮਿਸ਼ਨ ਸੋਸ਼ਲ ਮੀਡੀਆ ਸਕਰੀਨ ਸ਼ਾਟ ਦੀ ਸਮੀਖਿਆ ਕਰ ਰਹੇ ਹਨ। ਇਹ ਸਮੀਖਿਆ ਐਚ 1 ਬੀ ਵਰਕਰਾਂ, ਉਨਾਂ ਦੇ ਆਸ਼ਰਿਤਾਂ ਦੇ ਨਾਲ ਨਾਲ ਵਿਦਿਆਰਥੀਆਂ, ਐਫ ਜੇ ਤੇ ਐਮ ਵੀਜ਼ੇ ਵਾਲੇ ਸੈਲਾਨੀਆਂ ਉਪਰ ਲਾਗੂ ਹੁੰਦੀ ਹੈ। ਵਿਦੇਸ਼ ਵਿਭਾਗ ਨੇ ਮੰਨਿਆ ਹੈ ਕਿ ਦੇਰੀ ਹੋ ਰਹੀ ਹੈ। ਵਿਦੇਸ਼ ਵਿਭਾਗ ਅਨੁਸਾਰ ਉਹ ਦਰਖਾਸਤਕਰਤਾਵਾਂ ਦੀ ਆਨ ਲਾਈਨ ਹਾਜਰੀ ਸਮੀਖਿਆ ਕਰ ਰਿਹਾ ਹੈ। ਵਿਭਾਗ ਅਨੁਸਾਰ ਯਾਤਰੀ ਪ੍ਰਕ੍ਰਿਆ ਤੇਜ ਕਰਨ ਲਈ ਬੇਨਤੀ ਕਰ ਸਕਦਾ ਹੈ ਪਰੰਤੂ ਅਜਿਹੀ ਬੇਨਤੀ ਉਪਰ ਵੀ ਵਾਰੀ ਸਿਰ ਹੀ ਵਿਚਾਰ ਕੀਤੀ ਜਾਵੇਗੀ।

# ਅਮਰੀਕਾ ਵਿਚ ਨਸ਼ਾ ਕਰਕੇ ਗੱਡੀ ਨਾ ਚਲਾਓ

ਸੈਕਰਾਮੈਂਟੋ- ਅੱਜਕੱਲ੍ਹ ਛੁੱਟੀਆਂ ਦੇ ਦਿਨ ਚੱਲ ਰਹੇ ਹਨ, ਜਿਸ ਕਰਕੇ ਸੜਕਾਂ 'ਤੇ ਆਵਾਜਾਈ ਕਾਫੀ ਦੇਖਣ ਨੂੰ ਮਿਲਦੀ ਹੈ। ਇਨ੍ਹਾਂ ਛੁੱਟੀਆਂ ਨਾਲ ਸੰਬੰਧਤ ਬਹੁਤ ਸਾਰੀਆਂ ਪਾਰਟੀਆਂ ਵੀ ਹੁੰਦੀਆਂ ਹਨ, ਜਿੱਥੇ ਲੋਕ ਅਕਸਰ ਹੀ ਸ਼ਰਾਬ ਦਾ ਸੇਵਨ ਕਰ ਲੈਂਦੇ ਹਨ ਅਤੇ ਵਾਪਸ ਜਾਣ ਲੱਗਿਆਂ ਖੁਦ ਗੱਡੀ ਚਲਾ ਕੇ ਜਾਂਦੇ ਹਨ। ਪਰ ਰਸਤੇ ਵਿਚ ਕਿਸੇ ਨਾ ਕਿਸੇ ਤਰ੍ਹਾਂ ਪੁਲਿਸ ਦੇ ਅੜਿੱਕੇ ਆ ਜਾਂਦੇ ਹਨ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਹੋ ਸਕਦੀ ਹੈ ਅਤੇ ਇਸ ਨਾਲ ਉਨ੍ਹਾਂ ਦਾ ਇਮੀਗ੍ਰੇਸ਼ਨ ਸਟੇਟਸ 'ਤੇ ਵੀ ਫਰਕ ਪੈ ਸਕਦਾ ਹੈ। ਛੁੱਟੀਆਂ ਕਰਕੇ ਪੁਲਿਸ ਅਤੇ ਹੋਰ ਸੁਰੱਖਿਆ ਦਸਤਿਆਂ ਨੂੰ ਵਿਸ਼ੇਸ਼ ਗ੍ਰਾਂਟਾਂ ਦਿੱਤੀਆਂ ਗਈਆਂ ਹਨ, ਤਾਂਕਿ ਉਹ ਨਸ਼ੇ ਵਿਚ ਗੱਡੀ ਚਲਾਉਣ ਵਾਲੇ ਡਰਾਈਵਰਾਂ ਉੱਤੇ ਅੱਖ ਰੱਖਣ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ। ਇਨ੍ਹਾਂ ਦਿਨਾਂ ਵਿਚ ਸਾਨੂੰ ਕਈ ਖਬਰਾਂ ਸੁਣਨ ਨੂੰ ਮਿਲ ਰਹੀਆਂ ਹਨ, ਜਿਸ ਅਨੁਸਾਰ ਨਸ਼ੇ ਵਿਚ ਗੱਡੀ ਚਲਾਉਣ ਕਾਰਨ ਬਹੁਤ ਸਾਰੇ ਲੋਕਾਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਜਾ ਰਿਹਾ ਹੈ। ਬਿਹਤਰ ਹੈ ਕਿ ਅਮਰੀਕਾ ਵਿਚ ਹੁਣ ਨਸ਼ਾ ਕਰਕੇ ਡਰਾਈਵਿੰਗ ਨਾ ਕੀਤੀ ਜਾਵੇ।

# ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ 30 ਭਾਰਤੀ ਨਾਗਰਿਕ ਗ੍ਰਿਫਤਾਰ

ਨਿਊਯਾਰਕ- ਅਮਰੀਕੀ ਸਰਹੱਦੀ ਗਸ਼ਤ ਏਜੰਟਾਂ ਨੇ ਵਪਾਰਕ ਡਰਾਈਵਿੰਗ ਲਾਇਸੈਂਸਾਂ 'ਤੇ ਸੈਮੀ-ਟਰੱਕ ਚਲਾ ਰਹੇ 30 ਭਾਰਤੀ ਨਾਗਰਿਕਾਂ ਸਮੇਤ ਕੁੱਲ 49 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫਤਾਰ ਕੀਤਾ ਹੈ। ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅਨੁਸਾਰ ਕੈਲੀਫੋਰਨੀਆ ਦੇ ਐਲ ਸੈਂਟਰੋ ਸੈਕਟਰ ਵਿਚ 23 ਨਵੰਬਰ ਤੋਂ 12 ਦਸੰਬਰ ਦਰਮਿਆਨ ਚਲਾਈ ਗਈ ਮੁਹਿੰਮ ਦੌਰਾਨ ਇਹ ਗ੍ਰਿਫਤਾਰੀਆਂ ਹੋਈਆਂ। ਇਹ ਲੋਕ ਅੰਤਰਰਾਜੀ ਮਾਰਗਾਂ 'ਤੇ ਟਰੱਕ ਚਲਾਉਂਦੇ ਹੋਏ ਫੜੇ ਗਏ ਹਨ। ਫੜੇ ਗਏ ਵਿਅਕਤੀਆਂ ਵਿਚ ਸਭ ਤੋਂ ਵੱਧ 30 ਭਾਰਤੀ ਹਨ, ਜਦਕਿ ਬਾਕੀ ਚੀਨ, ਰੂਸ, ਮੈਕਸੀਕੋ ਅਤੇ ਹੋਰ ਦੇਸ਼ਾਂ ਨਾਲ ਸਬੰਧਤ ਹਨ। ਇਨ੍ਹਾਂ ਵਿਚੋਂ ਬਹੁਤੇ ਲਾਇਸੈਂਸ ਕੈਲੀਫੋਰਨੀਆ ਵੱਲੋਂ ਜਾਰੀ ਕੀਤੇ ਗਏ ਸਨ। ਇਸ ਤੋਂ ਇਲਾਵਾ 10 ਅਤੇ 11 ਦਸੰਬਰ ਨੂੰ 'ਅਪਰੇਸ਼ਨ ਹਾਈਵੇਅ ਸੈਂਟੀਨਲ' ਤਹਿਤ ਕੀਤੀ ਗਈ ਕਾਰਵਾਈ ਵਿਚ ਵੀ ਕਈ ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਮੁਹਿੰਮ ਖਾਸ ਤੌਰ 'ਤੇ ਉਨ੍ਹਾਂ ਵਪਾਰਕ ਟਰੱਕਿੰਗ ਕੰਪਨੀਆਂ ਨੂੰ ਨਿਸ਼ਾਨਾ ਬਣਾ ਕੇ ਸ਼ੁਰੂ ਕੀਤੀ ਗਈ ਸੀ, ਜਿੱਥੇ ਗੈਰ-ਕਾਨੂੰਨੀ ਵਿਅਕਤੀਆਂ ਦੁਆਰਾ ਚਲਾਏ ਜਾ ਰਹੇ ਟਰੱਕਾਂ ਕਾਰਨ ਕਈ ਘਾਤਕ ਹਾਦਸੇ ਵਾਪਰੇ ਸਨ।ਐਲ ਸੈਂਟਰੋ ਸੈਕਟਰ ਦੇ ਕਾਰਜਕਾਰੀ ਮੁੱਖ ਪੈਟਰੋਲ ਏਜੰਟ ਜੋਸਫ ਰੇਮੇਨਰ ਨੇ ਕਿਹਾ ਕਿ ਇਹ ਲੋਕ ਕਦੇ ਵੀ ਟਰੱਕ ਚਲਾਉਣ ਦੇ ਯੋਗ ਨਹੀਂ ਸਨ ਅਤੇ ਲਾਇਸੈਂਸ ਜਾਰੀ ਕਰਨ ਵਾਲੇ ਰਾਜ ਇਨ੍ਹਾਂ ਹਾਦਸਿਆਂ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਹਾਲ ਹੀ ਦੇ ਮਹੀਨਿਆਂ ਵਿਚ ਰਾਜਿੰਦਰ ਕੁਮਾਰ, ਹਰਜਿੰਦਰ ਸਿੰਘ, ਪ੍ਰਤਾਪ ਸਿੰਘ ਅਤੇ ਜਸ਼ਨਪ੍ਰੀਤ ਸਿੰਘ ਵਰਗੇ ਕਈ ਭਾਰਤੀ ਨਾਗਰਿਕਾਂ ਦੇ ਨਾਮ ਸਾਹਮਣੇ ਆਏ ਹਨ, ਜੋ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿੰਦੇ ਹੋਏ ਟਰੱਕ ਚਲਾ ਰਹੇ ਸਨ ਅਤੇ ਭਿਆਨਕ ਸੜਕ ਹਾਦਸਿਆਂ ਦਾ ਕਾਰਨ ਬਣੇ, ਜਿਨ੍ਹਾਂ ਵਿਚ ਕਈ ਲੋਕਾਂ ਦੀ ਜਾਨ

# ਵੀਜ਼ਾ ਘੁਟਾਲਾ ਮਾਮਲਾ: ਦਿੱਲੀ ਅਦਾਲਤ ਵੱਲੋਂ ਕਾਰਤੀ ਚਿਦੰਬਰਮ ਵਿਰੁੱਧ ਦੋਸ਼ ਤੈਅ ਕਰਨ ਦੇ ਹੁਕਮ

ਨਵੀਂ ਦਿੱਲੀ- ਦਿੱਲੀ ਦੀ ਇੱਕ ਅਦਾਲਤ ਨੇ ਮੰਗਲਵਾਰ ਨੂੰ ਚੀਨੀ ਵੀਜ਼ਾ ਘੁਟਾਲੇ ਦੇ ਮਾਮਲੇ ਵਿਚ ਕਾਂਗਰਸੀ ਸਾਂਸਦ ਕਾਰਤੀ ਪੀ. ਚਿਦੰਬਰਮ ਅਤੇ ਛੇ ਹੋਰਾਂ ਵਿਰੁੱਧ ਦੋਸ਼ ਤੈਅ ਕਰਨ ਦਾ ਹੁਕਮ ਦਿੱਤਾ ਹੈ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਦਿਗ ਵਿਨੈ ਸਿੰਘ ਨੇ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਸੱਤ ਮੁਲਜ਼ਮਾਂ ਵਿਰੁੱਧ ਦੋਸ਼ ਤੈਅ ਕਰਨ ਦੇ ਨਿਰਦੇਸ਼ ਦਿੱਤੇ, ਜਦਕਿ ਚੇਤਨ ਸ਼੍ਰੀਵਾਸਤਵ ਨਾਮ ਦੇ ਇੱਕ ਵਿਅਕਤੀ ਨੂੰ ਇਸ ਮਾਮਲੇ ਵਿਚੋਂ ਦੋਸ਼ਮੁਕਤ ਕਰ ਦਿੱਤਾ। ਅਦਾਲਤ ਨੇ ਮੁਲਜ਼ਮਾਂ ਵਿਰੁੱਧ ਕਥਿਤ ਅਪਰਾਧਿਕ ਸਾਜ਼ਿਸ਼ ਰਚਣ ਦੇ ਦੋਸ਼ਾਂ ਤਹਿਤ ਇਹ ਕਾਰਵਾਈ ਸ਼ੁਰੂ ਕਰਨ ਲਈ ਕਿਹਾ ਹੈ, ਹਾਲਾਂਕਿ ਫੈਸਲੇ ਦਾ ਵਿਸਤ੍ਰਿਤ ਵੇਰਵਾ ਅਜੇ ਆਉਣਾ ਬਾਕੀ ਹੈ। ਜ਼ਿਕਰਯੋਗ ਹੈ ਕਿ ਕਾਰਤੀ ਚਿਦੰਬਰਮ 'ਤੇ 2011 ਵਿਚ




ਇੱਕ ਪਾਵਰ ਕੰਪਨੀ ਲਈ ਚੀਨੀ ਨਾਗਰਿਕਾਂ ਨੂੰ ਵੀਜ਼ਾ ਦਿਵਾਉਣ ਬਦਲੇ ਰਿਸ਼ਵਤ ਲੈਣ ਦਾ ਦੋਸ਼ ਹੈ, ਜਿਸ ਸਮੇਂ ਉਨ੍ਹਾਂ ਦੇ ਪਿਤਾ ਪੀ. ਚਿਦੰਬਰਮ ਕੇਂਦਰੀ ਗ੍ਰਹਿ ਮੰਤਰੀ ਸਨ। ਸੀ.ਬੀ.ਆਈ. ਨੇ ਇਸ ਸਬੰਧੀ ਅਕਤੂਬਰ 2024 ਵਿਚ ਚਾਰਜਸ਼ੀਟ ਦਾਇਰ ਕੀਤੀ ਸੀ।

# ਕੈਨੇਡਾ ਦੇ ਟੋਰਾਂਟੋ 'ਚ ਭਾਰਤੀ ਮੂਲ ਦੀ ਕੁੜੀ ਦਾ ਕਤਲ

ਕੈਨੇਡਾ ਵਿਚ ਪੰਜਾਬੀਆਂ ਦੇ ਕਤਲ ਕੀਤੇ ਜਾਣ ਦੀਆਂ ਖਬਰਾਂ ਆਏ ਦਿਨ ਸੁਣਨ ਨੂੰ ਮਿਲ ਰਹੀਆਂ ਹਨ। ਹੁਣ ਫਿਰ ਤੋਂ ਕੈਨੇਡਾ ਦੇ ਟੋਰਾਂਟੋ ਵਿਚ ਇਕ ਔਰਤ ਦਾ ਕਤਲ ਕੀਤੇ ਜਾਣ ਦੀ ਖਬਰ ਸਾਹਮਣੇ ਆਈ ਹੈ। ਮ੍ਰਿਤਕਾ ਦੀ ਪਛਾਣ ਹਿਮਾਂਸ਼ੀ ਖੁਰਾਨਾ (30 ਸਾਲ) ਵਜੋਂ ਹੋਈ ਹੈ।

ਪੁਲਿਸ ਵੱਲੋਂ ਇਸ ਕਤਲ ਦੇ ਮਾਮਲੇ ਵਿਚ ਅਬਦੁਲ ਗਫੂਰੀ ਨੂੰ ਨਾਮਜ਼ਦ ਕੀਤਾ ਗਿਆ ਹੈ ਤੇ ਉਸ ਖਿਲਾਫ ਗ੍ਰਿਫਤਾਰੀ ਵਾਰੰਟ ਵੀ ਜਾਰੀ ਕੀਤੇ ਗਏ ਹਨ। ਟੋਰਾਂਟੋ ਪੁਲਿਸ ਨੂੰ ਹਿਮਾਂਸ਼ੀ ਖੁਰਾਣਾ ਦੀ ਮ੍ਰਿਤਕ ਦੇਹ ਸਟ੍ਰੈਚਨ ਐਵੇਨਿਊ ਅਤੇ ਵੈਲਿੰਗਟਨ ਸਟਰੀਟ ਵੈਸਟ ਦੇ ਨੇੜੇ ਇਕ ਰਿਹਾਇਸ਼ ਦੇ ਅੰਦਰੋਂ ਬਰਾਮਦ ਕੀਤੀ ਗਈ।ਪੁਲਿਸ ਵੱਲੋਂ ਮਾਮਲੇ ਦੀ ਜਾਂਚ



ਕੀਤੀ ਜਾ ਰਹੀ ਹੈ ਤੇ ਜਲਦ ਹੀ ਮੁਲਜ਼ਮ ਨੂੰ ਵੀ ਗ੍ਰਿਫਤਾਰ ਕਰ ਲਿਆ ਜਾਵੇਗਾ। ਟੋਰਾਂਟੋ ਪੁਲਿਸ ਵੱਲੋਂ ਮੁਲਜ਼ਮ ਅਬਦੁਲ ਗਫੂਰੀ ਦੀ ਫੋਟੋ ਵੀ ਜਾਰੀ ਕੀਤੀ ਗਈ ਹੈ ਤੇ ਨਾਲ ਹੀ ਲੋਕਾਂ ਕੋਲੋਂ ਸਹਿਯੋਗ ਦੀ ਮੰਗ ਕੀਤੀ ਗਈ ਹੈ।

# ਮੁਲਜ਼ਮੀ ਆਧਾਰ 'ਤੇ ਜ਼ਬਰਦਸਤ ਫੜਿਆ ਦੇ ਕੇਸ 'ਚ ਦਖ਼ਲਅੰਦਾਜ਼ੀ ਦੀ ਕੀਤੀ ਅਪੀਲ

ਜਲੰਧਰ- ਸਿੱਖ ਸਿਆਸਤਦਾਨ ਬੇਦੀ ਸਿੰਘ ਦੀ ਰਿਹਾਈ ਦੇ ਮਸਲੇ ਨੂੰ ਲੈ ਕੇ ਕੌਮੀ ਇਸਤਕਾਮ ਮੰਚ ਦੇ ਵਫ਼ਦ ਨੇ ਰਾਜ ਸਭਾ ਮੈਂਬਰ ਸੁੱਖੂ ਨਾਲ ਮੁਲਾਕਾਤ ਕੀਤੀ। ਵਫ਼ਦ ਨੇ ਦੱਸਿਆ ਕਿ ਬੇਦੀ ਸਿੰਘ ਨੂੰ ਮੁਲਜ਼ਮੀ ਆਧਾਰ 'ਤੇ ਜ਼ਬਰਦ-ਸਤ ਫੜਿਆ ਗਿਆ ਹੈ ਅਤੇ ਉਸ 'ਤੇ ਦਰਜ ਕੇਸ ਪੂਰੀ ਤਰ੍ਹਾਂ ਨਾਲ ਬੇਬੁਨਿਆਦ ਹਨ।

ਵਫ਼ਦ ਦੇ ਮੈਂਬਰਾਂ ਨੇ ਕਿਹਾ ਕਿ ਬੇਦੀ ਸਿੰਘ ਇੱਕ ਸਮਾਜਿਕ ਕਾਰਕੁਨ ਹਨ ਅਤੇ ਉਹਨਾਂ ਨੇ ਹਮੇਸ਼ਾ ਸਮਾਜਿਕ ਸੁਧਾਰਾਂ ਅਤੇ ਲੋਕਤੰਤਰਕ ਹੱਕਾਂ ਲਈ ਆਵਾਜ਼ ਉਠਾਈ ਹੈ। ਇਸ ਦੇ ਬਾਵਜੂਦ ਉਨ੍ਹਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਹਿਰਾਸਤ ਵਿੱਚ ਰੱਖਿਆ ਗਿਆ ਹੈ, ਜੋ ਕਿ ਨਿਆਂਸੰਗਤ ਨਹੀਂ।

ਰਾਜ ਸਭਾ ਮੈਂਬਰ ਸੁੱਖੂ ਨੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਉਹ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣਗੇ ਅਤੇ ਸੰਬੰਧਿਤ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਕਾਨੂੰਨੀ ਤਰੀਕੇ ਨਾਲ ਦਖ਼ਲਅੰਦਾਜ਼ੀ



ਕਰਨਗੇ। ਉਨ੍ਹਾਂ ਕਿਹਾ ਕਿ ਕਿਸੇ ਵੀ ਨਾਗਰਿਕ ਨਾਲ ਅਨਿਆਂ ਨਹੀਂ ਹੋਣਾ ਚਾਹੀਦਾ ਅਤੇ ਕਾਨੂੰਨ ਸਭ ਲਈ ਬਰਾਬਰ ਹੈ।ਵਫ਼ਦ ਨੇ ਮੰਗ ਕੀਤੀ ਕਿ ਬੇਦੀ ਸਿੰਘ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਉਸ 'ਤੇ ਦਰਜ ਕੇਸਾਂ ਦੀ ਨਿਰਪੱਖ ਜਾਂਚ ਕਰਵਾਈ ਜਾਵੇ, ਤਾਂ ਜੋ ਸੱਚਾਈ ਸਾਹਮਣੇ ਆ ਸਕੇ।

# ਮੈਂਚੈਸਟਰ ਆਤੰਕੀ ਸਾਜ਼ਿਸ਼ ਮਾਮਲੇ 'ਚ ਦੋ ਦੋਸ਼ੀ ਕਰਾਰ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਦੇ ਵੱਡੇ ਸ਼ਹਿਰ ਮੈਂਚੈਸਟਰ ਵਿੱਚ ਯਹੂਦੀ ਭਾਈਚਾਰੇ ਨੂੰ ਨਿਸ਼ਾਨਾ ਬਣਾਕੇ ਵੱਡੀ ਆਤੰਕੀ ਵਾਰਦਾਤ ਕਰਨ ਦੀ ਸਾਜ਼ਿਸ਼ ਰਚਣ ਵਾਲੇ ਦੋ ਵਿਅਕਤੀਆਂ ਨੂੰ ਅਦਾਲਤ ਨੇ ਦੋਸ਼ੀ ਕਰਾਰ ਦੇ ਦਿੱਤਾ ਹੈ। ਅਦਾਲਤੀ ਕਾਰਵਾਈ ਦੌਰਾਨ ਸਾਹਮਣੇ ਆਇਆ ਕਿ ਦੋਹਾਂ ਵਿਅਕਤੀ ਕਾਫ਼ੀ ਸਮੇਂ ਤੋਂ ਅਤਿਵਾਦੀ ਸੋਚ ਨਾਲ ਪ੍ਰਭਾਵਿਤ ਸਨ ਅਤੇ ਉਹਨਾਂ ਦੇ ਮਨ ਵਿੱਚ ਬੇਕਸੂਰ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਦੀ ਯੋਜਨਾ ਬਣੀ ਹੋਈ ਸੀ। ਜਾਂਚ ਏਜੰਸੀਆਂ ਅਨੁਸਾਰ ਦੋਸ਼ੀਆਂ ਨੇ ਹਮਲੇ ਲਈ ਥਾਵਾਂ ਦੀ ਰੇਕੀ ਕੀਤੀ, ਇੰਟਰਨੈੱਟ ਅਤੇ ਸੋਸ਼ਲ ਮੀਡੀਆ ਰਾਹੀਂ ਅਤਿਵਾਦੀ ਸਮੱਗਰੀ ਦੇਖੀ ਅਤੇ ਇਕ ਦੂਜੇ ਨਾਲ ਗੁਪਤ ਤੌਰ 'ਤੇ ਸੰਪਰਕ ਬਣਾਇਆ ਹੋਇਆ ਸੀ। ਪੁਲਿਸ ਨੇ ਦੱਸਿਆ ਕਿ ਜੇ ਸਮੇਂ ਸਿਰ ਕਾਰਵਾਈ ਨਾ ਕੀਤੀ ਜਾਂਦੀ ਤਾਂ ਵੱਡਾ ਜਾਨੀ ਨੁਕਸਾਨ ਹੋ ਸਕਦਾ ਸੀ। ਖੁਫੀਆ ਏਜੰਸੀਆਂ ਨੂੰ ਮਿਲੀ ਜਾਣਕਾਰੀ ਦੇ ਆਧਾਰ 'ਤੇ ਦੋਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਲੰਬੀ ਜਾਂਚ ਤੋਂ ਬਾਅਦ ਮਾਮਲਾ ਅਦਾਲਤ ਤੱਕ ਪਹੁੰਚਿਆ। ਅਭਿਯੋਗ ਪੱਖ ਨੇ ਅਦਾਲਤ ਵਿੱਚ ਪੱਕੇ ਸਬੂਤ ਪੇਸ਼ ਕਰਦੇ ਹੋਏ ਦੱਸਿਆ ਕਿ ਦੋਸ਼ੀ ਨਫ਼ਰਤ ਅਤੇ ਹਿੰਸਾ ਦੀ ਸੋਚ ਨਾਲ ਭਰੇ ਹੋਏ ਸਨ। ਅਦਾਲਤ ਵੱਲੋਂ ਦੋਸ਼ ਸਾਬਤ ਹੋਣ ਮਗਰੋਂ ਹੁਣ ਅਗਲੀ ਸੁਣਵਾਈ 'ਚ ਸਜ਼ਾ ਦਾ ਐਲਾਨ ਕੀਤਾ ਜਾਵੇਗਾ। ਪੁਲਿਸ ਅਤੇ ਸੁਰੱਖਿਆ ਅਧਿਕਾਰੀਆਂ ਨੇ ਸਾਫ਼ ਕਿਹਾ ਹੈ ਕਿ ਇੰਗਲੈਂਡ ਵਿੱਚ ਕਿਸੇ ਵੀ ਧਰਮ ਜਾਂ ਭਾਈਚਾਰੇ ਖ਼ਿਲਾਫ਼ ਨਫ਼ਰਤ ਫੈਲਾਉਣ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ ਅਤੇ ਆਮ ਲੋਕਾਂ ਦੀ ਸੁਰੱਖਿਆ ਸਭ ਤੋਂ ਪਹਿਲਾਂ ਹੈ।

# ਹਾਕੀ ਖਿਡਾਰੀ ਹਾਰਦਿਕ ਸਿੰਘ ਨੂੰ ਮਿਲੇਗਾ ਖੇਡ ਰਤਨ ਪੁਰਸਕਾਰ

ਨਵੀਂ ਦਿੱਲੀ : ਟੋਕੀਓ ਅਤੇ ਪੈਰਿਸ ਓਲੰਪਿਕ ਖੇਡਾਂ ਵਿਚ ਭਾਰਤੀ ਹਾਕੀ ਟੀਮ ਨੂੰ ਕਾਂਸੀ ਦਾ ਮੈਡਲ ਜਿਤਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਹਾਰਦਿਕ ਸਿੰਘ ਨੂੰ 'ਮੇਜਰ ਧਿਆਨ ਚੰਦ ਖੇਡ ਰਤਨ ਪੁਰਸਕਾਰ' ਦੇ ਲਈ ਨਾਮਜ਼ਦ ਕੀਤਾ ਗਿਆ ਏ। ਯੁਥ ਮਾਮਲੇ ਅਤੇ ਖੇਡ ਮੰਤਰਾਲੇ ਵੱਲੋਂ ਗਠਿਤ ਕਮੇਟੀ ਵੱਲੋਂ ਪਿਛਲੇ ਦੋ ਸਾਲਾਂ ਵਿਚ ਭਾਰਤੀ ਹਾਕੀ ਟੀਮ ਵਿਚ ਉਨ੍ਹਾਂ ਦੇ ਯੋਗਦਾਨ ਨੂੰ ਦੇਖਦਿਆਂ ਇਸ ਵੱਕਾਰੀ ਪੁਰਸਕਾਰ ਦੇ ਲਈ ਉਨ੍ਹਾਂ ਨੂੰ ਨਾਮਜ਼ਦ ਕੀਤਾ ਗਿਆ ਏ।



# ਸਫ਼ਰ ਏ ਸ਼ਹਾਦਤ

ਪੋਹ ਦੇ ਮਹੀਨੇ ਦਾ, ਵੱਖਰਾ ਇਤਿਹਾਸ ਏ
ਸਿੱਖੀ ਨਾਲ ਜੁੜਿਆ ਸਾਡਾ, ਹਰ ਇੱਕ ਸਵਾਸ ਏ।
ਗੱਲ ਹੁੰਦੀ ਦਸ਼ਮੇਸ਼ ਪਿਤਾ ਦੇ,ਪੂਰੇ ਪਰਿਵਾਰ ਦੀ
ਕਿਲ੍ਹੇ ਵਿੱਚ ਬੈਠੀ ਦਾਦੀ,ਪੋਤਿਆਂ ਨੂੰ ਨਿਹਾਰਦੀ।
ਅਜੀਤ ਤੇ ਜੁਝਾਰ ਦੋਵੇਂ, ਵੱਡੇ ਸਾਹਿਬਜ਼ਾਦੇ ਨੇ
ਜੋਰਾਵਰ ਤੇ ਫਤਿਹ ਸਿੰਘ,ਦਲੇਰ ਬੇ ਹਿਸਾਬੇ ਨੇ।
ਹੱਸਦਾ ਵਸਦਾ ਸੀ ਪਰਿਵਾਰ ਸਾਰਾ, ਅਨੰਦਪੁਰ ਵਾਸ ਸੀ
ਗੁਰਾਂ ਦੀ ਸੱਚੀ ਸੋਭਾ, ਨਾ ਆਈ ਮੁਗਲਾਂ ਨੂੰ ਰਾਸ ਸੀ।
ਖਾਲੀ ਕਿਲ੍ਹੇ ਨੂੰ ਕਰਾਉਣ ਲਈ,ਝੂਠੀਆਂ ਕਸਮਾਂ ਉਹਨਾਂ ਖਾ ਲਈਆਂ
ਸਿੰਘਾਂ ਦੀ ਫਰਿਆਦ ਸੁਣ, ਗੁਰਾਂ ਤਲਵਾਰਾਂ ਮਿਆਨ ਵਿੱਚ ਪਾ ਲਈਆਂ।
ਸਾਰੀ ਸੋਚ ਵਿਚਾਰ ਪਿੱਛੋਂ, ਕਿਲ੍ਹਾ ਛੱਡ ਦਿੱਤਾ ਦਸ਼ਮੇਸ਼ ਨੇ
ਸਰਸਾ ਦੇ ਵੱਲ ਆ ਗਏ, ਬਾਦਸ਼ਾਹ ਦਰਵੇਸ਼ ਨੇ।
ਸਰਸਾ ਦਾ ਪਾਣੀ ਅੱਜ,ਸੀ ਨੱਕੋ ਨੱਕ ਚੜ੍ਹਿਆ
ਪਰਿਵਾਰ ਵਿਛੋੜੇ ਦਾ ਇਹ ਸਮਾਂ, ਜਾਂਦਾ ਸੌਖਾ ਨਹੀਂਓ ਪੜ੍ਹਿਆ।
ਚਮਕੌਰ ਦੀ ਗੜ੍ਹੀ ਆ ਕੇ,ਘੇਰਾ ਮੁਗਲਾਂ ਨੇ ਪਾ ਲਿਆ
ਗਹਿਗੱਚ ਲੜਾਈ ਵਿੱਚ, ਉਹਨਾਂ ਜ਼ੋਰ ਸਾਰਾ ਲਾ ਲਿਆ।
ਅਜੀਤ ਦੇ ਜੁਝਾਰ ਦੋਵੇਂ,ਭਾਰੀ ਮੁਗਲਾਂ ਤੇ ਪਏ ਨੇ
ਜ਼ੁਲਮ ਦੇ ਖਿਲਾਫ਼ ਲੜਨ ਲਈ, ਲੈ ਆਸ਼ੀਰਵਾਦ ਗਏ ਨੇ।
ਮੁਗਲਾਂ ਨਾਲ ਲੜਦੇ ਹੋਏ, ਸ਼ਹੀਦੀ ਦੋਵੇਂ ਪਾ ਚੱਲੇ
ਪਿਤਾ ਦਾ ਲੈ ਆਸ਼ੀਰਵਾਦ, ਦਾਦੇ ਵਾਲੇ ਰਾਹ ਚੱਲੇ।
ਛੋਟੇ ਸਾਹਿਬਜ਼ਾਦੇ ਦੋਵੇਂ,ਮਾਤਾ ਗੁਜਰੀ ਦੇ ਨਾਲ ਨੇ
ਕਰਵਾ ਦਿੱਤਾ ਗ੍ਰਿਫ਼ਤਾਰ ਉਹਨਾਂ ਨੂੰ,ਗੰਗੂ ਬੇਈਮਾਨ ਨੇ।
ਨਿੱਕੀਆਂ ਨੇ ਜਿੰਦਾਂ ਭਾਵੇਂ,ਪਰ ਹੌਂਸਲੇ ਬੁਲੰਦ ਨੇ
ਖੜੇ ਕੀਤੇ ਕਚਹਿਰੀ ਵਿੱਚ,ਸੂਬਾ ਸਰਹੰਦ ਨੇ।
ਪੇਸ਼ ਨਾ ਕੋਈ ਚੱਲੇ, ਸੂਬੇ ਦੇ ਵਜ਼ੀਰ ਦੀ
ਪਰ ਮੇਟ ਨਾ ਸਕੇ ਕੋਈ,ਲਿਖੀ ਹੋਣੀ ਤਕਦੀਰ ਦੀ।
ਕਾਜ਼ੀ ਨੇ ਵੀ ਲਿਖ,ਫਤਵਾ ਸੁਣਾ ਦਿੱਤਾ
ਛੋਟੇ ਸਾਹਿਬਜ਼ਾਦਿਆਂ ਨੂੰ ਉਹਨਾਂ, ਨੀਹਾਂ ਵਿੱਚ ਚਿਣਵਾ ਦਿੱਤਾ।
ਸਾਕਾ ਸੁਣ ਕੇ ਸ਼ਹੀਦੀ ਵਾਲਾ, ਪੂਰੇ ਪਰਿਵਾਰ ਦਾ
ਅੱਖ ਭਰ ਆਉਂਦੀ ਧਰਮਿੰਦਰਾ,ਸਾਕਾ ਜੋ ਵੀ ਵਿਚਾਰ ਦਾ।

**ਲੈਕਚਰਾਰ ਧਰਮਿੰਦਰ ਸਿੰਘ ਮੰਨਵੀ, (ਮਲੇਰਕੋਟਲਾ )**
**ਮੋਬ: 9592802122**

# ਪੇਂਡੂ ਵੋਟਰਾਂ ਨੇ ਰੁਖ ਬਦਲਿਆ, ਲੇਬਰ ਨੂੰ ਵੱਡਾ ਝਟਕਾ



ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਵਿੱਚ ਹਾਲ ਹੀ ਦਿਨਾਂ ਦੌਰਾਨ ਹੋਈਆਂ ਸਥਾਨਕ ਕੌਂਸਲਾਂ ਦੀਆਂ ਉਪ-ਚੋਣਾਂ ਨੇ ਦੇਸ਼ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਇਨ੍ਹਾਂ ਚੋਣਾਂ ਵਿੱਚ ਖਾਸ ਕਰਕੇ ਪੇਂਡੂ ਅਤੇ ਕਿਸਾਨ ਇਲਾਕਿਆਂ ਦੇ ਵੋਟਰਾਂ ਨੇ ਆਪਣਾ ਰੁਖ ਬਦਲਦਿਆਂ ਰੀਫਾਰਮ ਪਾਰਟੀ ਨੂੰ ਵੱਡੀ ਜਿੱਤ ਦਿਵਾਈ, ਜਦਕਿ ਲੇਬਰ ਪਾਰਟੀ ਨੂੰ ਅਣਉਮੀਦ ਅਤੇ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ।

ਇਹ ਉਪ-ਚੋਣਾਂ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਦੇ ਉਹਨਾਂ ਵਾਰਡਾਂ ਵਿੱਚ ਕਰਵਾਈਆਂ ਗਈਆਂ ਜਿੱਥੇ ਕੌਂਸਲਰਾਂ ਦੀ ਮੌਤ, ਅਸਤੀਫੇ ਜਾਂ ਅਹੁਦਾ ਛੱਡਣ ਕਾਰਨ ਸੀਟਾਂ ਖਾਲੀ ਹੋ ਗਈਆਂ ਸਨ। ਭਾਵੇਂ ਇਹ ਚੋਣਾਂ ਛੋਟੀਆਂ ਮੰਨੀਆਂ ਜਾਂਦੀਆਂ ਹਨ, ਪਰ ਸਿਆਸੀ ਮਾਹਿਰਾਂ ਦੇ ਅਨੁਸਾਰ ਇਨ੍ਹਾਂ ਦੇ ਨਤੀਜੇ ਅਕਸਰ ਆਉਣ ਵਾਲੀਆਂ ਵੱਡੀਆਂ ਚੋਣਾਂ ਦੀ ਦਿਸ਼ਾ ਦਰਸਾ ਦਿੰਦੇ ਹਨ।ਪੇਂਡੂ ਇਲਾਕਿਆਂ ਵਿੱਚ ਵੋਟਰਾਂ ਦੀ ਨਾਰਾਜ਼ਗੀ ਦਾ ਸਭ ਤੋਂ ਵੱਡਾ ਕਾਰਨ ਖੇਤੀਬਾੜੀ ਨਾਲ ਜੁੜੀਆਂ ਨੀਤੀਆਂ ਅਤੇ ਟੈਕਸ ਮਾਮਲੇ ਦੱਸੇ ਜਾ ਰਹੇ ਹਨ। ਕਿਸਾਨਾਂ ਅਤੇ ਜ਼ਮੀਨਦਾਰ ਪਰਿਵਾਰਾਂ ਦਾ ਕਹਿਣਾ ਹੈ ਕਿ ਜ਼ਮੀਨਾਂ, ਖੇਤਾਂ ਅਤੇ ਵਿਰਾਸਤੀ ਜਾਇਦਾਦ ਉੱਤੇ ਲੱਗਣ ਵਾਲੇ ਟੈਕਸਾਂ ਕਾਰਨ ਉਨ੍ਹਾਂ ਦੀ ਅਗਲੀ ਪੀੜ੍ਹੀ ਲਈ ਖੇਤੀ ਸੰਭਾਲਣਾ ਔਖਾ ਹੋ ਜਾਵੇਗਾ। ਪਿੰਡਾਂ ਵਿੱਚ ਇਹ ਗੱਲ ਘਰ-ਘਰ ਚਰਚਾ ਦਾ ਵਿਸ਼ਾ ਬਣੀ ਰਹੀ।ਰੀਫਾਰਮ ਪਾਰਟੀ ਨੇ ਆਪਣੀ ਚੋਣ ਮੁਹਿੰਮ ਦੌਰਾਨ ਇਨ੍ਹਾਂ ਮਸਲਿਆਂ ਨੂੰ ਸਿੱਧੀ ਅਤੇ ਸਾਫ਼ ਭਾਸ਼ਾ ਵਿੱਚ ਲੋਕਾਂ ਸਾਹ-ਮਣੇ ਰੱਖਿਆ। ਪਾਰਟੀ ਨੇ ਕਿਹਾ ਕਿ ਜੇ ਖੇਤੀ ਅਤੇ ਪੇਂਡੂ ਜੀਵਨ ਬਚਾਉਣਾ ਹੈ ਤਾਂ ਕਿਸਾਨਾਂ ਉੱਤੇ ਵਾਧੂ ਟੈਕਸਾਂ ਦਾ ਬੋਝ ਘਟਾਉਣਾ ਲਾਜ਼ਮੀ ਹੈ। ਇਸ ਦਾ ਸਿੱਧਾ ਅਸਰ ਪੇਂਡੂ ਵੋਟਾਂ 'ਤੇ ਪਿਆ ਅਤੇ ਕਈ ਇਲਾਕਿਆਂ ਵਿੱਚ ਲੇਬਰ ਦੇ ਪਰੰਪਰਾਗਤ ਗੜ੍ਹ ਵੀ ਹੱਥੋਂ ਨਿਕਲ ਗਏ।ਦੂਜੇ ਪਾਸੇ ਲੇਬਰ ਪਾਰਟੀ ਲਈ ਇਹ ਨਤੀਜੇ ਚਿੰਤਾ ਦਾ ਕਾਰਨ ਬਣ ਗਏ ਹਨ। ਪਾਰਟੀ ਅੰਦਰੋਂ ਹੀ ਆਵਾਜ਼ਾਂ ਉੱਠ ਰਹੀਆਂ ਹਨ ਕਿ ਪੇਂਡੂ ਇਲਾਕਿਆਂ ਦੀਆਂ ਸਮੱਸਿਆਵਾਂ ਨੂੰ ਢੰਗ ਨਾਲ ਨਹੀਂ ਸਮਝਿਆ ਗਿਆ। ਖਾਸ ਕਰਕੇ ਕਿਸਾਨੀ ਵਰਗ ਨੂੰ ਇਹ ਅਹਿਸਾਸ ਹੋਇਆ ਹੈ ਕਿ ਨੀਤੀਆਂ ਬਣਾਉਂਦੇ ਸਮੇਂ ਸ਼ਹਿਰੀ ਸੋਚ ਹਾਵੀ ਰਹੀ।ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇ ਇਹੀ ਰੁਝਾਨ ਬਣਿਆ ਰਿਹਾ ਤਾਂ ਆਉਣ ਵਾਲੇ ਸਮੇਂ ਵਿੱਚ ਲੇਬਰ ਪਾਰਟੀ ਲਈ ਪੇਂਡੂ ਇਲਾਕਿਆਂ ਵਿੱਚ ਆਪਣੀ ਪਕੜ ਮੁੜ ਬਣਾਉਣਾ ਮੁਸ਼ਕਲ ਹੋ ਸਕਦਾ ਹੈ। ਉਧਰ ਰੀਫਾਰਮ ਪਾਰਟੀ ਨੂੰ ਇਹ ਜਿੱਤ ਪਿੰਡਾਂ ਵਿੱਚ ਆਪਣਾ ਅਧਾਰ ਵਧਾਉਣ ਦਾ ਵੱਡਾ ਮੌਕਾ ਦਿੰਦੀ ਨਜ਼ਰ ਆ ਰਹੀ ਹੈ।ਕੁੱਲ ਮਿਲਾ ਕੇ ਇਹ ਉਪ-ਚੋਣਾਂ ਸਾਫ਼ ਸੰਦੇਸ਼ ਦੇ ਰਹੀਆਂ ਹਨ ਕਿ ਪੇਂਡੂ ਵੋਟਰ ਹੁਣ ਆਪਣੇ ਹੱਕਾਂ ਅਤੇ ਖੇਤੀ ਨਾਲ ਜੁੜੇ ਮਸਲਿਆਂ ਬਾਰੇ ਜ਼ਿਆਦਾ ਸਚੇਤ ਹੋ ਚੁੱਕੇ ਹਨ ਅਤੇ ਉਹ ਆਪਣੀ ਵੋਟ ਉਸ ਪਾਸੇ ਪਾਉਣਗੇ ਜੋ ਉਨ੍ਹਾਂ ਦੀ ਗੱਲ ਸੁਣੇਗਾ।

# ਸ੍ਰੀ ਫਤਿਹਗੜ੍ਹ ਸਾਹਿਬ ਪਹੁੰਚੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ



ਚੰਡੀਗੜ੍ਹ: ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅੱਜ ਫਤਿਹਗੜ੍ਹ ਸਾਹਿਬ ਪਹੁੰਚੇ। ਉਨ੍ਹਾਂ ਨੇ ਗੁਰਦੁਆਰਾ ਫਤਿਹਗੜ੍ਹ ਸਾਹਿਬ ਵਿਖੇ ਸੀਸ ਝੁਕਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਫਿਰ ਉਨ੍ਹਾਂ ਉਸ ਪਵਿੱਤਰ ਸਥਾਨ ਦਾ ਦੌਰਾ ਕੀਤਾ ਜਿੱਥੇ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਇੱਟਾਂ ਦੀ ਦੀਵਾਰ ਚਿਣ ਕੇ ਸ਼ਹੀਦ ਕੀਤਾ ਗਿਆ ਸੀ।ਫੇਰੀ ਤੋਂ ਬਾਅਦ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੀਡੀਆ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਇੱਕ ਮਹਾਨ ਅਤੇ ਸ਼ਾਨਦਾਰ ਇਤਿਹਾਸ ਹੈ। ਫਤਿਹਗੜ੍ਹ ਸਾਹਿਬ ਦੀ ਸ਼ਹਾਦਤ ਦੁਨੀਆ ਵਿੱਚ ਕਿਤੇ ਵੀ ਬੇਮਿਸਾਲ ਹੈ। ਉਨ੍ਹਾਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਕੁਰਬਾਨੀ ਮਨੁੱਖਤਾ ਲਈ ਪ੍ਰੇਰਨਾ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਉਹ ਆਪਣੇ ਆਪ ਨੂੰ ਬਹੁਤ ਭਾਗਸ਼ਾਲੀ ਸਮਝਦੇ ਹਨ ਕਿ ਉਨ੍ਹਾਂ ਨੂੰ ਇਸ ਪਵਿੱਤਰ ਧਰਤੀ 'ਤੇ ਮੱਥਾ ਟੇਕਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਫਤਿਹਗੜ੍ਹ ਸਾਹਿਬ ਦੀ ਧਰਤੀ ਸਾਨੂੰ ਸੱਚ, ਹਿੰਮਤ ਅਤੇ ਕੁਰਬਾਨੀ ਦਾ ਸੰਦੇਸ਼ ਦਿੰਦੀ ਹੈ।

# ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ ਉਤੇ ਰਹਿ ਰਹੇ 30 ਭਾਰਤੀ ਗ੍ਰਿਫ਼ਤਾਰ

ਨਿਊਯਾਰਕ: ਅਮਰੀਕੀ ਸਰਹੱਦੀ ਗਸ਼ਤ ਅਧਿਕਾਰੀਆਂ ਨੇ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ 30 ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਯੂਐਸ ਕਸਟਮਜ਼ ਅਤੇ ਸਰਹੱਦੀ ਸੁਰੱਖਿਆ (ਸੀਬੀਪੀ) ਨੇ ਪਿਛਲੇ ਹਫ਼ਤੇ ਇਕ ਬਿਆਨ ਵਿਚ ਦਸਿਆ ਸੀ ਕਿ ਕੈਲੀਫੋਰਨੀਆ ਦੇ ਐਲ ਸੈਂਟਰੋ ਸੈਕਟਰ ਵਿਚ ਸਰਹੱਦੀ ਗਸ਼ਤ ਦੇ ਕਈ ਏਜੰਟਾਂ ਨੇ ਇਮੀਗ੍ਰੇਸ਼ਨ ਚੌਕੀਆਂ 'ਤੇ ਵਾਹਨਾਂ ਨੂੰ ਰੋਕ ਕੇ ਅਤੇ ਅੰਤਰ-ਏਜੰਸੀ ਕਾਰਵਾਈਆਂ ਦੌਰਾਨ ਅਜਿਹੇ ਕਈ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਜਿਨ੍ਹਾਂ ਕੋਲ ਵਪਾਰਕ ਵਾਹਨ ਚਲਾਉਣ ਦੇ ਡਰਾਈਵਿੰਗ ਲਾਇਸੈਂਸ ਸਨ।

ਅਧਿਕਾਰੀਆਂ ਨੇ 23 ਨਵੰਬਰ ਤੋਂ 12 ਦਸੰਬਰ ਦੇ ਵਿਚਕਾਰ ਅੰਤਰਰਾਜੀ ਰੂਟਾਂ 'ਤੇ ਵਪਾਰਕ ਡਰਾਈਵਿੰਗ ਲਾਇਸੈਂਸਾਂ ਨਾਲ ਸੈਮੀ-ਟਰੱਕ ਚਲਾ ਰਹੇ 42 ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿਚੋਂ 30 ਭਾਰਤ ਤੋਂ, ਦੋ ਐਲ ਸੈਲਵਾਡੋਰ ਤੋਂ ਅਤੇ ਬਾਕੀ ਚੀਨ, ਏਰੀਟਰੀਆ, ਹੈਤੀ, ਹੋਂਡੂਰਾਸ, ਮੈਕਸੀਕੋ, ਰੂਸ, ਸੋਮਾਲੀਆ, ਤੁਰਕੀ ਅਤੇ ਯੂਕਰੇਨ ਤੋਂ ਸਨ। ਸੀਬੀਪੀ ਨੇ ਕਿਹਾ ਕਿ ਕੈਲੀਫੋਰਨੀਆ ਨੇ 31 ਵਪਾਰਕ ਡਰਾਈਵਿੰਗ ਲਾਇਸੈਂਸ ਜਾਰੀ ਕੀਤੇ ਸਨ।

# ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਚ "ਸਯਾਣੇ ਕਹਿੰਦੇ ਨੇ" ਯੂਕੇ ਟੂਰ 16 ਤੋਂ , ਲੋਕਾਂ ਚ ਭਾਰੀ ਉਤਸ਼ਾਹ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)- ਪੰਜਾਬੀ ਸਮਾਜ ਵਿਚ ਆਪਣੀ ਵੱਖਰੀ ਪਹਿਚਾਣ ਬਣਾਈ ਬੈਠੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਪ੍ਰੇਰਨਾਦਾਇਕ ਵਕਤਾ ਅਤੇ ਕਹਾਣੀਕਾਰ ਐੱਸ. ਜਰਨੈਲ ਸਿੰਘ ਆਪਣਾ ਬਹੁ-ਚਰਚਿਤ ਲਾਈਵ ਸ਼ੋਅ "ਸਯਾਣੇ ਕਹਿੰਦੇ ਨੇ" ਲੈ ਕੇ ਪਹਿਲੀ ਵਾਰ ਯੂਨਾਈਟਿਡ ਕਿੰਗਡਮ ਪਹੁੰਚ ਰਹੇ ਹਨ। ਇਸ ਸਬੰਧੀ ਐਲਾਨ ਕਰਦਿਆਂ 5 ਡਿਰਟੁਏ ਫਰੋਦੁਚਟਿਓਨਸ ਵੱਲੋਂ ਦੱਸਿਆ ਗਿਆ ਕਿ ਇਹ ਟੂਰ ਜਨਵਰੀ ਮਹੀਨੇ ਦੌਰਾਨ ਯੂਕੇ ਦੇ ਵੱਖ-ਵੱਖ ਸ਼ਹਿਰਾਂ ਵਿੱਚ ਆਯੋਜਿਤ ਕੀਤਾ ਜਾਵੇਗਾ।

"ਸਯਾਣੇ ਕਹਿੰਦੇ ਨੇ" ਸਿਰਫ਼ ਇੱਕ ਸ਼ੋਅ ਨਹੀਂ, ਸਗੋਂ ਜੀਵਨ ਦੇ ਅਸਲ ਸੱਚਾਂ ਨੂੰ ਸਾਦਗੀ ਨਾਲ ਦਰਸਾਉਂਦੀ ਇੱਕ ਸੋਚਕ ਯਾਤਰਾ ਹੈ। ਇਸ ਪ੍ਰਸਤੁਤੀ ਵਿੱਚ ਗਿਆਨ, ਹਾਸਾ, ਭਾਵੁਕ ਕਹਾਣੀਆਂ ਅਤੇ ਅਸਲ ਜੀਵਨ ਦੇ ਤਜਰਬਿਆਂ ਨੂੰ ਅਜਿਹੇ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਕਿ ਦਰਸ਼ਕ ਆਪਣੇ ਆਪ ਨੂੰ ਇਸ ਨਾਲ ਜੋੜ ਲੈਂਦੇ ਹਨ। ਸਦੀਵੀ ਸਿੱਖਿਆਵਾਂ ਅਤੇ ਸਮਾਜਿਕ ਮੁੱਲਾਂ 'ਤੇ ਆਧਾਰਿਤ ਇਹ ਸ਼ੋਅ ਨੌਜਵਾਨਾਂ ਤੋਂ ਲੈ ਕੇ ਵੱਡੀ ਉਮਰ ਦੇ ਲੋਕਾਂ ਤੱਕ ਹਰ ਪੀੜ੍ਹੀ 'ਤੇ ਡੂੰਘਾ ਅਸਰ ਛੱਡਦਾ ਆ ਰਿਹਾ ਹੈ।

ਆਯੋਜਕਾਂ ਅਨੁਸਾਰ ਯੂਕੇ ਟੂਰ ਦੇ ਤਹਿਤ ਇਹ ਸ਼ੋਅ ਲੈਸਟਰ, ਬਰਮਿੰਘਮ ਅਤੇ ਸਲਾਊ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਦੌਰੇ ਰਾਹੀਂ ਯੂਕੇ ਵੱਸਦੀ ਪੰਜਾਬੀ ਸੰਗਤ ਨੂੰ ਐੱਸ. ਜਰਨੈਲ ਸਿੰਘ ਨੂੰ ਪਹਿਲੀ ਵਾਰ ਲਾਈਵ ਮੰਚ 'ਤੇ




ਸੁਣਨ ਅਤੇ ਦੇਖਣ ਦਾ ਵਿਲੱਖਣ ਮੌਕਾ ਮਿਲੇਗਾ। ਵਿਦੇਸ਼ੀ ਧਰਤੀ 'ਤੇ ਵੱਸ ਰਹੇ ਪੰਜਾਬੀਆਂ ਵਿਚ ਇਸ ਸ਼ੋਅ ਨੂੰ ਲੈ ਕੇ ਖਾਸ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।

ਇਸ ਮੌਕੇ ਐੱਸ. ਜਰਨੈਲ ਸਿੰਘ ਨੇ ਕਿਹਾ ਕਿ ਇਹ ਸ਼ੋਅ ਮਨਨ ਕਰਨ, ਆਪਸੀ ਜੋੜ ਬਣਾਉਣ ਅਤੇ ਉਹਨਾਂ ਮੁੱਲਾਂ ਨੂੰ ਦੁਬਾਰਾ ਯਾਦ ਕਰਨ ਬਾਰੇ ਹੈ ਜੋ ਮਨੁੱਖੀ ਆਤਮਾ ਨੂੰ ਮਜ਼ਬੂਤ ਬਣਾਉਂਦੇ ਹਨ। ਉਨ੍ਹਾਂ ਕਿਹਾ ਕਿ ਯੂਕੇ ਦੀ ਸੰਗਤ ਨਾਲ ਰੂ-ਬ-ਰੂ ਹੋ ਕੇ ਆਪਣੀ ਸੋਚ ਅਤੇ ਤਜਰਬੇ ਸਾਂਝੇ ਕਰਨ ਲਈ ਉਹ ਬੇਸਬਰੀ ਨਾਲ ਉਡੀਕ ਕਰ ਰਹੇ ਹਨ।

ਟੂਰ ਦੇ ਤਹਿਤ 16 ਜਨਵਰੀ ਨੂੰ ਅਵਾਂਤੀ ਆਡੀਟੋਰੀਅਮ (ਲੈਸਟਰ) ਵਿੱਚ ਸ਼ੋਅ ਪੇਸ਼ ਕੀਤਾ ਜਾਵੇਗਾ, ਜਿੱਥੇ ਦਰਵਾਜ਼ੇ ਸ਼ਾਮ 6:30 ਵਜੇ ਖੁੱਲ੍ਹਣਗੇ ਅਤੇ ਸ਼ੋਅ 7:00 ਵਜੇ ਸ਼ੁਰੂ ਹੋਵੇਗਾ। ਇਸ ਤੋਂ ਬਾਅਦ 17 ਜਨਵਰੀ ਨੂੰ ਾਬਛਅ ਆਡੀਟੋਰੀਅਮ (ਬਰਮਿੰਘਮ) ਵਿੱਚ ਸ਼ਾਮ 6:30 ਵਜੇ ਸ਼ੋਅ ਸ਼ੁਰੂ ਕੀਤਾ ਜਾਵੇਗਾ, ਜਦਕਿ ਦਰਵਾਜ਼ੇ 6:00 ਵਜੇ ਖੁੱਲ੍ਹਣਗੇ। ਟੂਰ ਦਾ ਆਖ਼ਰੀ ਸ਼ੋਅ 24 ਜਨਵਰੀ ਨੂੰ ਖਾਲਸਾ ਸਕੂਲ (ਸਲਾਊ) ਵਿੱਚ ਆਯੋਜਿਤ ਕੀਤਾ ਜਾਵੇਗਾ।

ਆਯੋਜਕਾਂ ਨੇ ਦੱਸਿਆ ਕਿ ਇਹ ਸ਼ਾਮ ਸਿਰਫ਼ ਮਨੋਰੰਜਨ ਤੱਕ ਸੀਮਿਤ ਨਹੀਂ ਰਹੇਗੀ, ਸਗੋਂ ਦਰਸ਼ਕਾਂ ਲਈ ਪ੍ਰੇਰਣਾ, ਆਤਮਿਕ ਸੋਚ ਅਤੇ ਜੀਵਨ ਪ੍ਰਤੀ ਸਕਾਰਾਤਮਕ ਦ੍ਰਿਸ਼ਟੀਕੋਣ ਦਾ ਸਰੋਤ ਸਾਬਤ ਹੋਵੇਗੀ। ਉਨ੍ਹਾਂ ਮੁਤਾਬਕ ਇਹੋ ਜਿਹੇ ਪ੍ਰੋਗਰਾਮ ਸਮਾਜ ਨੂੰ ਸਹੀ ਦਿਸ਼ਾ ਵੱਲ ਪ੍ਰੇਰਿਤ ਕਰਨ ਵਿੱਚ ਅਹੰਕਾਰਪੂਰਨ ਭੂਮਿਕਾ ਨਿਭਾਉਂਦੇ ਹਨ।

ਟਿਕਟਾਂ £20 ਪ੍ਰਤੀ ਵਿਅਕਤੀ ਦਰ ਨਾਲ ਉਪਲਬਧ ਹਨ ਅਤੇ ਸੀਟਾਂ ਸੀਮਤ ਹੋਣ ਕਾਰਨ ਪਹਿਲਾਂ ਬੁਕਿੰਗ ਕਰਨ ਦੀ ਅਪੀਲ ਕੀਤੀ ਗਈ ਹੈ। ਟਿਕਟਾਂ ਆਨਲਾਈਨ ਵੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਆਯੋਜਕਾਂ ਨੂੰ ਉਮੀਦ ਹੈ ਕਿ ਯੂਕੇ ਭਰ ਤੋਂ ਵੱਡੀ ਗਿਣਤੀ ਵਿੱਚ ਦਰਸ਼ਕ ਇਸ ਪ੍ਰੋਗਰਾਮ ਦਾ ਹਿੱਸਾ ਬਣਣਗੇ ਅਤੇ ਇਸਨੂੰ ਯਾਦਗਾਰ ਬਣਾਉਣਗੇ।

# ਪੰਜਾਬ ਸਰਕਾਰ ਵੱਲੋਂ ਸਿਆਸੀ ਹਿੱਤਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਪੰਥ ਕਦੇ ਪ੍ਰਵਾਨ ਨਹੀਂ ਕਰੇਗਾ- ਸ਼੍ਰੋਮਣੀ ਕਮੇਟੀ ਮੈਂਬਰਾਨ

ਨਵੀਂ ਦਿੱਲੀ, (ਮਨਪ੍ਰੀਤ ਸਿੰਘ ਖਾਲਸਾ):- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸਬੰਧਤ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਕੀਤੀ ਜਾ ਰਹੀ ਸਿਆਸਤ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਹੈ, ਜਿਸ ਨੂੰ ਸਿੱਖ ਪੰਥ ਕਦੇ ਵੀ ਪ੍ਰਵਾਨ ਨਹੀਂ ਕਰੇਗਾ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਸੁਰਜੀਤ ਸਿੰਘ ਭਿੱਟੇਵੱਡ ਅਤੇ ਸ. ਅਮਰਜੀਤ ਸਿੰਘ ਭਲਾਈਪੁਰ ਨੇ ਜਾਰੀ ਇਕ ਬਿਆਨ ਵਿਚ ਕੀਤਾ। ਮੈਂਬਰ ਸਾਹਿਬਾਨ ਨੇ ਕਿਹਾ ਕਿ ਇਸ ਮਾਮਲੇ ਦੀ ਪੜਤਾਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਜਾਂਚ ਕਮੇਟੀ ਨੇ ਕੀਤੀ ਸੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਡਾ. ਈਸ਼ਰ ਸਿੰਘ ਦੀ ਰਿਪੋਰਟ ਅਨੁਸਾਰ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਉਸ ਵੇਲੇ ਕੁਝ ਸਿੱਖ ਵਿਦਵਾਨਾਂ ਅਤੇ ਸੰਗਤਾਂ ਨੇ ਸ਼੍ਰੋਮਣੀ ਕਮੇਟੀ ਕੋਲ ਪਹੁੰਚ ਕੀਤੀ ਸੀ ਕਿ ਇਹ ਮਾਮਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਿਆ ਹੋਇਆ ਹੈ ਇਸ ਲਈ ਇਸ ਬਾਰੇ ਕੋਈ ਵੀ ਪੁਲਿਸ ਕਾਰਵਾਈ ਨਾ ਕੀਤੀ ਜਾਵੇ, ਸਗੋਂ ਸ਼੍ਰੋਮਣੀ ਕਮੇਟੀ ਆਪਣੇ ਤੌਰ 'ਤੇ ਕਾਰਵਾਈ ਕਰੇ। ਉਨ੍ਹਾਂ ਕਿਹਾ ਕਿ ਡਾ. ਈਸ਼ਰ ਸਿੰਘ ਦੀ ਜਾਂਚ ਰਿਪੋਰਟ ਵਿਚ ਇਹ ਸਪੱਸ਼ਟ ਹੈ ਕਿ ਇਹ ਮਾਮਲਾ ਕੁਝ ਮੁਲਾਜ਼ਮਾਂ ਵੱਲੋਂ ਕੀਤੀ ਪੈਸਿਆਂ ਦੀ ਹੇਰਾਫੇਰੀ ਅਤੇ ਅਣਗਹਿਲੀ ਦਾ ਹੈ, ਇਸ ਨੂੰ ਸਰੂਪ ਗੁੰਮ ਹੋਣ ਅਤੇ ਬੇਅਦਬੀ ਵਜੋਂ ਪ੍ਰਚਾਰ ਕੇ ਸੰਗਤਾਂ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਉਸ ਵੇਲੇ ਕਾਂਗਰਸ ਪਾਰਟੀ ਦੀ ਸਰਕਾਰ ਸੀ ਅਤੇ



ਉਨ੍ਹਾਂ ਵੱਲੋਂ ਸਿਆਸੀ ਮੁਫ਼ਾਦਾਂ ਲਈ ਸ੍ਰੀ ਦਰਬਾਰ ਸਾਹਿਬ ਨੂੰ ਆਉਂਦੇ ਰਸਤੇ 'ਤੇ ਭਾਈ ਬਲਦੇਵ ਸਿੰਘ ਵਡਾਲਾ ਰਾਹੀਂ ਧਰਨਾ ਲਗਾਇਆ ਗਿਆ ਸੀ। ਹੁਣ ਆਪ ਆਦਮੀ ਪਾਰਟੀ ਨਾਲ ਸਬੰਧਤ ਪੰਜਾਬ ਵਿਧਾਨ ਸਭਾ ਦੇ ਸਪੀਕਰ, ਮੰਤਰੀ ਅਤੇ ਵਿਧਾਇਕ ਵੱਲੋਂ ਇਸ ਧਰਨੇ ਵਿਚ ਪਹੁੰਚ ਕੇ ਆਪਣੇ ਸਿਆਸੀ ਲਾਹੇ ਲਈ ਪੁਲਿਸ ਨੂੰ ਐਫਆਈਆਰ ਦਰਜ ਕਰਨ ਲਈ ਕਹਿਣਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੱਧੀ ਚੁਣੌਤੀ ਹੈ।

ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ ਅਤੇ ਆਪਣੀ ਨਾਕਾਮੀਆਂ ਨੂੰ ਛੁਪਾਉਣ ਲਈ ਸਿੱਖ ਭਾਵਨਾਵਾਂ ਨਾਲ ਖੇਡਣ ਤੋਂ ਗੁਰੇਜ ਨਹੀਂ ਕਰ ਰਹੀ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਨੂੰ ਕਿਹਾ ਕਿ ਬਾਰ-ਬਾਰ ਡਰਾਮੇ ਕਰਕੇ ਲੋਕਾਂ ਦਾ ਧਿਆਨ ਸਰਕਾਰਾਂ ਦੀਆਂ ਨਾਕਾਮੀਆਂ ਤੋਂ ਪਾਸੇ ਨਹੀਂ ਕੀਤਾ ਜਾ ਸਕਦਾ, ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਹੋਈ ਕਾਰਵਾਈ ਤੋਂ ਬਾਅਦ ਇਸ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਦਖ਼ਲਅੰਦਾਜ਼ੀ ਨਾ ਕੀਤੀ ਜਾਵੇ। ਉਨ੍ਹਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੇ ਸਿਆਸੀ ਹਿੱਤਾਂ ਲਈ ਅਜਿਹੀ ਕਿਸੇ ਵੀ ਕਾਰਵਾਈ ਲਈ ਭਾਗੀਦਾਰ ਨਾ ਬਣਨ।


# ਅਕਾਲੀ ਦਲ ਨੂੰ 2019 ਤੱਕ "ਬਾਲ ਦਿਵਸ" ਨਾਮ ਸਹੀ ਲੱਗਦਾ ਸੀ, ਪਰ ਗਠਜੋੜ ਟੁੱਟਣ ਤੋਂ ਬਾਅਦ ਗਲਤ ਜਾਪਣ ਲੱਗਿਆ: ਬੱਲੀਏਵਾਲ

ਚੰਡੀਗੜ੍ਹ: ਬੀਤੇ ਕੁੱਝ ਦਿਨ ਤੋਂ ਵੀਰ ਬਾਲ ਦਿਵਸ ਦੇ ਨਾਮ 'ਤੇ ਚੱਲ ਰਹੇ ਵਿਵਾਦ 'ਤੇ ਭਾਜਪਾ ਬੁਲਾਰੇ ਪ੍ਰਿਤਪਾਲ ਸਿੰਘ ਬੱਲੀਏਵਾਲ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਬਠਿੰਡਾ ਤੋਂ ਸਾਂਸਦ ਹਰਸਿਮਰਤ ਕੌਰ ਬਾਦਲ ਨੂੰ ਜਵਾਬ ਦਿੱਤਾ ਹੈ। ਬੱਲੀਏਵਾਲ ਨੇ ਹਰਸਿਮਰਤ ਕੌਰ ਬਾਦਲ ਦਾ ਇੱਕ ਪੁਰਾਣਾ ਟਵੀਟ ਸਬੂਤ ਵਜੋਂ ਦਿਖਾਉਂਦੇ ਹੋਏ ਕਿਹਾ ਕਿ "ਬਾਲ ਦਿਵਸ" ਨਾਮ 'ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਮਨਾਏ ਜਾਣ ਦੀ ਵਕਾਲਤ ਹਰਸਿਮਰਤ ਕੌਰ ਬਾਦਲ ਨੇ 2019 ਵਿੱਚ ਕੀਤੇ ਆਪਣੇ ਟਵੀਟ ਵਿੱਚ ਕੀਤੀ ਸੀ, ਪਰ ਹੁਣ ਭਾਜਪਾ ਨਾਲ ਗੱਠਜੋੜ ਟੁੱਟਣ ਤੋਂ ਬਾਅਦ ਅਕਾਲੀ ਦਲ ਦੇ ਸੁਰ ਬਦਲ ਗਏ। ਬੱਲੀਏਵਾਲ ਨੇ ਸਵਾਲ ਚੁੱਕਦੇ ਹੋਏ ਕਿਹਾ ਕਿ ਅਕਾਲੀ ਦਲ ਨੂੰ 2019 ਤੱਕ ਇਕੱਲਾ "ਬਾਲ ਦਿਵਸ" ਨਾਮ ਠੀਕ ਲੱਗਦਾ ਸੀ ਪਰ "ਵੀਰ" ਸ਼ਬਦ ਲੱਗਣ ਨਾਲ ਨਾਮ ਗਲਤ ਕਿਵੇਂ ਹੋ ਗਿਆ ?

ਇਸ ਤੋਂ ਪਹਿਲਾਂ 2018 ਵਿੱਚ ਵੀ ਦਿੱਲੀ ਦੇ ਵਿਗਿਆਨ ਭਵਨ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਸਮਾਗਮ ਵਿੱਚ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਬਾਲ ਦਿਵਸ ਨਾਮ ਰੱਖਣ 'ਤੇ ਸਹਿਮਤੀ ਦਿੱਤੀ ਸੀ, ਪਰ ਹੁਣ ਮੁੱਕਰ ਗਏ। ਬੱਲੀਏਵਾਲ ਨੇ ਕਿਹਾ ਕਿ ਜਦੋਂ ਅਕਾਲੀ ਭਾਜਪਾ ਦਾ ਗਠਜੋੜ ਸੀ ਤਾਂ ਧਾਰਮਿਕ, ਕਿਸਾਨੀ ਅਤੇ ਪੰਜਾਬ ਨਾਲ ਸੰਬੰਧਿਤ ਹਰ ਮੁੱਦੇ 'ਤੇ ਅਕਾਲੀ ਦਲ ਨਾਲ ਸਲਾਹ ਕੀਤੀ ਜਾਂਦੀ ਸੀ ਅਤੇ ਇਨ੍ਹਾਂ ਦੀ ਸਹਿਮਤੀ ਤੋਂ ਬਾਅਦ ਹੀ ਫੈਸਲਾ ਲਾਗੂ ਕੀਤਾ ਜਾਂਦਾ ਸੀ, ਪਰ ਅਕਾਲੀ ਦਲ ਦੀ ਲੀਡਰਸ਼ਿਪ ਨੇ ਹਮੇਸ਼ਾ ਹੀ ਸਾਡੀ ਲੀਡਰਸ਼ਿਪ ਨਾਲ ਵਿਸ਼ਵਾਸਘਾਤ ਕੀਤਾ ਤੇ ਆਪਣੀ ਸਿਆਸਤ ਚਮਕਾਈ ਤੇ ਭਾਜਪਾ ਨੂੰ ਪੰਜਾਬ ਅੰਦਰ ਪੰਜਾਬ ਵਿਰੋਧੀ ਦਰਸਾਉਣ ਦੀ ਕੋਸ਼ਿਸ਼ ਕੀਤੀ, ਤਾਂ ਜੋ ਇਨ੍ਹਾਂ ਦੀ ਸਿਆਸੀ ਜ਼ਮੀਨ ਬਣੀ ਰਹੇ ਤੇ ਭਾਜਪਾ ਪੰਜਾਬ ਵਿੱਚ ਪੈਰ ਨਾ ਪਸਾਰ ਸਕੇ।

## ਪੰਥ ਦੇ ਉੱਘੇ ਵਿਦਵਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਪ੍ਰਣਾਏ ਹੋਏ ਪ੍ਰਚਾਰਕ

# ਗਿਆਨੀ ਗੁਰਬਖਸ਼ ਸਿੰਘ ਜੀ ਗੁਲਸ਼ਨ ਲਿਖਤ ਪੁਸਤਕ 'ਗੁਰੂ ਅੰਗਦ ਦਰਪਣ'





## "ਜੀਵਨ ਗਾਥਾ ਸ੍ਰੀ ਗੁਰੂ ਅੰਗਦ ਦੇਵ ਜੀ" ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਵੱਲੋਂ ਸੰਗਤ ਅਰਪਣ ਅਤੇ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ ਦਾ ਮਾਣ ਸਨਮਾਨ




























**ਖ਼ਾਲਸਾ ਪ੍ਰਚਾਰਕ ਜਥਾ ਯੂ ਕੇ ਨਾਲ ਪਿਆਰ ਕਰਨ ਵਾਲਿਆਂ ਵਿੱਚੋਂ ਪਟਿਆਲਾ, ਜੰਮੂ, ਦਿੱਲੀ, ਜ਼ੀਰਕਪੁਰ, ਧਰਮਕੋਟ, ਜੰਡਿਆਲਾ, ਜਲੰਧਰ, ਅੰਮ੍ਰਿਤਸਰ, ਲੁਧਿਆਣਾ ਅਤੇ ਕਰਨਾਲ ਤੋਂ ਕੁਝ ਪਰਿਵਾਰ ਅਰਦਾਸ ਸਮਾਗਮ ਵਿੱਚ ਉਚੇਚੇ ਤੌਰ 'ਤੇ ਸ਼ਾਮਲ ਹੋਏ**

ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ ਦੁਆਰਾ ਲਿਖਤ "ਗੁਰੂ ਅੰਗਦ ਦਰਪਣ" ਪੁਸਤਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਗਤ ਅਰਪਣ ਕਰਨ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ: ਹਰਜਿੰਦਰ ਸਿੰਘ ਧਾਮੀ ਅਤੇ ਸ਼੍ਰੋਮਣੀ ਕਮੇਟੀ ਦੇ ਹੋਰ ਸੀਨੀਅਰ ਮੈਂਬਰ ਸਾਹਿਬਾਨ ਅਤੇ ਸਿੱਖ ਪੰਥ ਦੀਆਂ ਸ਼ਖ਼ਸੀਅਤਾਂ ਹਾਜ਼ਰ ਸਨ। ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਦੇਸ਼ ਵਿਦੇਸ਼ ਵਿੱਚ ਵਿਚਰਦਿਆਂ ਜਿੱਥੇ ਗੁਰਸਿੱਖੀ ਦਾ ਪ੍ਰਚਾਰ ਗੁਰਮਤਿ ਕਥਾ ਵਿਖਿਆਨ ਰਾਹੀਂ ਕਰਦੇ ਹਨ, ਉੱਥੇ ਹੁਣ ਤੱਕ ਉਹਨਾਂ ਨੇ ਸਿੱਖ ਇਤਿਹਾਸ ਤੇ ਗੁਰ ਇਤਿਹਾਸ ਦੀਆਂ ਅਨੇਕਾਂ ਪੁਸਤਕਾਂ ਲਿਖ ਕੇ ਸਿੱਖੀ ਦੇ ਧਾਰਮਿਕ ਸਾਹਿਤ ਨੂੰ ਪਰਫੁੱਲਤ ਕੀਤਾ ਹੈ। ਉਹਨਾਂ ਦਾ ਇਹ ਧਾਰਮਿਕ ਸਾਹਿਤ ਪੰਜਾਬ ਟਾਈਮਜ਼ ਯੂ ਕੇ ਅਤੇ ਹੋਰ ਅਖ਼ਬਾਰਾਂ/ਪਰਚਿਆਂ ਵਿੱਚ ਵੀ ਛਪਦਾ ਰਹਿੰਦਾ ਹੈ, ਜਿੱਥੋਂ ਪਾਠਕ-ਜਨ ਲਾਭ ਪ੍ਰਾਪਤ ਕਰਦੇ ਹਨ। ਇਸ ਮੌਕੇ ਗਿਆਨੀ ਜੀ ਨੇ ਖ਼ਾਲਸਾ ਪ੍ਰਚਾਰਕ ਜਥੇ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ 1500 ਡਾਲਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਧਾਮੀ ਜੀ ਨੂੰ ਸੌਂਪੇ। ਉਪਰੰਤ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ ਦੁਆਰਾ ਸਿੱਖੀ ਦੇ ਪ੍ਰਚਾਰ ਹਿੱਤ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡ: ਹਰਜਿੰਦਰ ਸਿੰਘ ਧਾਮੀ ਅਤੇ ਪਤਵੰਤੇ ਸੱਜਣਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਿਰੋਪਾਓ, ਲੋਈ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਇੱਕ ਖ਼ੂਬਸੂਰਤ ਮਾਡਲ ਦੇ ਕੇ ਸਨਮਾਨਿਤ ਕੀਤਾ ਗਿਆ।

**ਵੱਲੋਂ:- ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਜਥੇਦਾਰ ਖ਼ਾਲਸਾ ਪ੍ਰਚਾਰਕ ਜਥਾ ਯੂ.ਕੇ.**

**Whats App Number: +44(0)7956 302743 - Email: gsgulshan@btinternet.com**